21-SEP-PAGE-1.qxd 9/20/2024 9:04 PM Page 1

ਸ਼ਨੀਵਾਰ, 21 ਸਤੰਬਰ, 2024
6 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 111

# ਨਵਾਂ ਜ਼ਮਾਨਾ

DAILY NAWAN ZAMANA • SATURDAY, 21 SEPTEMBER, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਲਿਬਨਾਨ 'ਤੇ 70 ਹਵਾਈ ਹਮਲੇ

**ਬੇਰੂਤ** : ਇਜ਼ਰਾਈਲ ਨੇ ਵੀਰਵਾਰ ਰਾਤ ਦੱਖਣੀ ਲਿਬਨਾਨ ਵਿਚ 70 ਹਵਾਈ ਹਮਲੇ ਕੀਤੇ। ਗਾਜ਼ਾ 'ਤੇ ਹਮਲੇ ਸ਼ੁਰੂ ਹੋਣ ਦੇ ਬਾਅਦ ਇਜ਼ਰਾਈਲ ਦਾ ਲਿਬਨਾਨ 'ਤੇ ਇਹ ਸਭ ਤੋਂ ਵੱਡਾ ਹਮਲਾ ਸੀ। ਇਸਤੋਂ ਪਹਿਲਾਂ ਤਿੰਨ ਦਿਨਾਂ ਤੋਂ ਲਿਬਨਾਨ ਪੇਜਰ, ਵਾਕੀ-ਟਾਕੀ ਤੇ ਸੋਲਰ ਐਨਰਜੀ ਸਿਸਟਮ ਵਿਚ ਧਮਾਕਿਆਂ ਨਾਲ ਜੂਝ ਰਿਹਾ ਸੀ। ਲਿਬਨਾਨ ਤੇ ਹਿਜ਼ਬੁੱਲ੍ਹਾ ਨੇ ਇਨ੍ਹਾਂ ਧਮਾਕਿਆਂ ਲਈ ਇਜ਼ਰਾਈਲ ਨੂੰ ਜ਼ਿੰਮੇਵਾਰ ਠਹਿਰਾਇਆ ਸੀ।

ਇਜ਼ਰਾਈਲੀ ਡਿਫੈਂਸ ਫੋਰਸ ਨੇ ਕਿਹਾ ਕਿ ਉਨ੍ਹਾਂ ਲਿਬਨਾਨ ਵਿਚ ਹਿਜ਼ਬੁੱਲ੍ਹਾ ਦੇ 100 ਤੋਂ ਵੱਧ ਰਾਕਟ ਲਾਂਚਰਾਂ ਨੂੰ ਬਰਬਾਦ ਕਰ ਦਿੱਤਾ ਹੈ। ਇਨ੍ਹਾਂ ਵਿਚ ਇਕ ਹਜ਼ਾਰ ਰਾਕਟ ਬੈਰਲ ਤਬਾਹ ਹੋ ਗਏ। ਹਿਜ਼ਬੁੱਲ੍ਹਾ ਇਨ੍ਹਾਂ ਨਾਲ ਇਜ਼ਰਾਈਲ 'ਤੇ ਹਮਲੇ ਦੀ ਤਿਆਰੀ ਵਿਚ ਸੀ। ਇਜ਼ਰਾਈਲੀ ਫੌਜ ਨੇ ਹਿਜ਼ਬੁੱਲ੍ਹਾ ਦੀਆਂ ਕਈ ਇਮਾਰਤਾਂ ਤੇ ਇਕ ਹਥਿਆਰ ਡਿਪੂ ਨੂੰ ਵੀ ਤਬਾਹ ਕਰਨ ਦਾ ਦਾਅਵਾ ਕੀਤਾ ਹੈ। ਇਸੇ ਦੌਰਾਨ ਹਿਜ਼ਬੁੱਲ੍ਹਾ ਦੇ ਹਮਲੇ ਤੋਂ ਬਚਣ ਲਈ ਫੌਜ ਨੇ ਉੱਤਰੀ ਇਜ਼ਰਾਈਲ ਵਿਚ ਰਹਿ ਰਹੇ ਨਾਗਰਿਕਾਂ ਨੂੰ ਬੰਬ ਸ਼ੈਲਟਰਾਂ ਦੇ ਕਰੀਬ ਰਹਿਣ ਲਈ ਕਿਹਾ ਹੈ। ਬਿਨਾਂ ਲੋੜ ਦੇ ਜਨਤਕ ਥਾਵਾਂ 'ਤੇ ਇਕੱਠੇ ਨਾ ਹੋਣ ਦੀ ਵੀ ਸਲਾਹ ਦਿੱਤੀ ਹੈ। ਇਜ਼ਰਾਈਲੀ ਹਮਲੇ ਤੋਂ ਪਹਿਲਾਂ ਹਿਜ਼ਬੁੱਲ੍ਹਾ ਦੇ ਚੀਫ ਹਸਨ ਨਸਰੁੱਲ੍ਹਾ ਨੇ ਪੇਜਰ ਤੇ ਵਾਕੀ-ਟਾਕੀ ਹਮਲਿਆਂ ਲਈ ਇਜ਼ਰਾਈਲ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਸੀ ਕਿ ਇਹ ਲਿਬਨਾਨ ਦੇ ਲੋਕਾਂ ਖਿਲਾਫ ਇਜ਼ਰਾਈਲ ਦੀ ਜੰਗ ਦੀ ਸ਼ੁਰੂਆਤ ਹੈ। ਇਜ਼ਰਾਈਲ ਨੂੰ ਧਮਾਕਿਆਂ ਦੀ ਸਜ਼ਾ ਦਿੱਤੀ ਜਾਵੇਗੀ। ਜੇ ਇਜ਼ਰਾਈਲੀ ਫੌਜੀ ਦੱਖਣੀ ਲਿਬਨਾਨ ਵਿਚ ਵੜਦੇ ਹਨ ਤਾਂ ਇਹ ਹਿਜ਼ਬੁੱਲ੍ਹਾ ਲਈ ਬਦਲਾ ਲੈਣ ਦਾ ਇਤਿਹਾਸਕ ਮੌਕਾ ਹੋਵੇਗਾ। ਜਦੋਂ ਨਸਰੁੱਲ੍ਹਾ ਤਕਰੀਰ ਕਰ ਰਹੇ ਸਨ ਤਾਂ ਇਜ਼ਰਾਈਲੀ ਜਹਾਜ਼ ਬੇਰੂਤ ਦੇ ਉੱਪਰ ਉਡਾਰੀਆਂ ਲਾ ਰਹੇ ਸਨ।



# ਮੇਜਰ ਦੀ ਮੰਗੇਤਰ ਨਾਲ ਥਾਣੇ 'ਚ ਘਿਨਾਉਣੀ ਕਰਤੂਤ

**ਭੁਬਨੇਸ਼ਵਰ** : ਓਡੀਸ਼ਾ ਦੇ ਸਾਬਕਾ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਰਾਜਧਾਨੀ ਭੁਬਨੇਸ਼ਵਰ ਦੇ ਇਕ ਪੁਲਸ ਥਾਣੇ ਵਿਚ ਮੇਜਰ ਤੇ ਉਸ ਦੀ ਮੰਗੇਤਰ 'ਤੇ ਜਿਸਮਾਨੀ ਹਮਲਿਆਂ ਦੀ ਕੋਰਟ ਦੀ ਨਿਗਰਾਨੀ ਹੇਠ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾ ਕਿਹਾ ਕਿ ਭਾਜਪਾ ਦੀ ਹਕੂਮਤ ਵਾਲੇ ਰਾਜ ਵਿਚ ਇਸ ਘਟਨਾ ਨੇ ਦੇਸ਼ ਦੀ ਜ਼ਮੀਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਇਸ ਘਟਨਾ ਦੇ ਸੰਬੰਧ ਵਿਚ ਡੀ ਜੀ ਪੀ ਵਾਈ ਬੀ ਖੁਰਾਨੀਆ ਨੇ ਪੰਜ ਪੁਲਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਹੈ। ਇਸੇ ਦੌਰਾਨ ਸ਼ੁੱਕਰਵਾਰ ਮਹਿਲਾਵਾਂ ਨੇ ਥਾਣੇ ਅੱਗੇ ਧਰਨਾ ਦੇ ਕੇ ਮੁਲਾਜ਼ਮਾਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ।

ਮੇਜਰ ਦੀ ਮੰਗੇਤਰ ਨੂੰ ਕਈ ਜ਼ਖਮਾਂ ਤੇ ਜਬਾੜਾ ਹਿੱਲਣ ਕਾਰਨ ਏਮਜ਼ ਵਿਚ ਦਾਖਲ ਕਰਾਉਣਾ ਪਿਆ ਸੀ। ਪੁਲਸ ਨੇ ਉਸ ਨੂੰ ਹਮਲਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਸੀ ਤੇ ਓਡੀਸ਼ਾ ਹਾਈ ਕੋਰਟ ਨੇ ਉਸ ਨੂੰ ਜ਼ਮਾਨਤ 'ਤੇ ਬੁੱਧਵਾਰ ਛੱਡਿਆ ਸੀ। ਮਹਿਲਾ ਵਕੀਲ ਹੈ ਤੇ ਭੁਬਨੇਸ਼ਵਰ ਵਿਚ ਰੈਸਟੋਰੈਂਟ ਚਲਾਉਂਦੀ ਹੈ। ਉਸ ਨੇ ਹਸਪਤਾਲ ਤੋਂ ਛੁੱਟੀ ਮਿਲਣ 'ਤੇ ਦੱਸਿਆ ਕਿ ਐਤਵਾਰ ਅੱਧੀ ਰਾਤੇ ਰੈਸਟੋਰੈਂਟ ਬੰਦ ਕਰਕੇ ਉਹ ਮੰਗੇਤਰ ਨਾਲ ਨਿਕਲੀ ਸੀ ਕਿ ਕੁਝ ਬੰਦਿਆਂ ਨੇ ਉਨ੍ਹਾਂ ਨੂੰ ਘੇਰ ਲਿਆ ਤੇ ਕੁੱਟਮਾਰ ਕਰਨ ਲੱਗੇ। ਉਹ ਕਿਸੇ ਤਰ੍ਹਾਂ ਬਚ ਕੇ ਪੁਲਸ ਦੀ ਮਦਦ ਲੈਣ ਲਈ ਭਰਤਪੁਰ ਥਾਣੇ ਪੁੱਜੇ। ਉੱਥੇ ਸਿਰਫ ਇਕ ਮਹਿਲਾ ਮੁਲਾਜ਼ਮ ਸੀ। ਉਨ੍ਹਾਂ ਨੇ ਉਸ ਨੂੰ ਐੱਫ ਆਈ ਆਰ ਦਰਜ ਕਰਨ ਤੇ ਉਨ੍ਹਾਂ ਨੂੰ ਘਰ ਤਕ ਪਹੁੰਚਾਉਣ ਲਈ ਪੁਲਸ ਪਾਰਟੀ ਨਾਲ ਭੇਜਣ ਦੀ ਬੇਨਤੀ ਕੀਤੀ, ਕਿਉਂਕਿ ਗੱਡੀਆਂ ਵਿਚ ਬੈਠੇ ਨੌਜਵਾਨ ਉਨ੍ਹਾਂ ਦਾ ਕਿਸੇ ਵੀ ਸਮੇਂ ਪਿੱਛਾ ਕਰ ਸਕਦੇ ਹਨ। ਮਹਿਲਾ ਮੁਲਾਜ਼ਮ ਨੇ ਐੱਫ ਆਈ ਆਰ ਦਰਜ ਕਰਨ ਦੀ ਥਾਂ ਉਸ ਨਾਲ ਬਦਤਮੀਜ਼ੀ ਕੀਤੀ ਤੇ ਗਾਲ੍ਹਾਂ ਵੀ ਕੱਢੀਆਂ। ਉਸ ਨੇ ਮੁਲਾਜ਼ਮ ਨੂੰ ਦੱਸਿਆ ਕਿ ਉਹ ਵਕੀਲ ਹੈ ਤੇ ਐੱਫ ਆਈ ਆਰ ਦਰਜ ਕਰਨੀ ਉਸਦੀ ਡਿਊਟੀ ਹੈ।

ਇਸੇ ਦੌਰਾਨ ਗਸ਼ਤੀ ਪਾਰਟੀ ਦੀ ਗੱਡੀ ਵਿਚ ਮਹਿਲਾ ਮੁਲਾਜ਼ਮ ਸਣੇ ਕਈ ਪੁਲਸ ਵਾਲੇ ਆ ਗਏ। ਪੀੜਤਾ ਨੇ ਦੱਸਿਆ ਕਿ ਕੁਝ ਦੇਰ ਬਾਅਦ ਪਤਾ ਨਹੀਂ ਕੀ ਹੋਇਆ ਕਿ ਉਨ੍ਹਾਂ ਮੇਜਰ ਨੂੰ ਸਲਾਖਾਂ ਪਿੱਛੇ ਡੱਕ ਦਿੱਤਾ। ਜਦੋਂ ਉਸ ਨੇ ਕਿਹਾ ਕਿ ਉਹ ਫੌਜੀ ਅਧਿਕਾਰੀ ਨੂੰ ਸਲਾਖਾਂ ਪਿੱਛੇ ਡੱਕ ਨਹੀਂ ਸਕਦੇ, ਇਹ ਨਿਯਮ ਦੇ ਖਿਲਾਫ ਹੈ, ਤਾਂ ਮਹਿਲਾ ਮੁਲਾਜ਼ਮ ਨੇ ਉਸਨੂੰ ਵਾਲਾਂ ਤੋਂ ਫੜ ਕੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਉਸ ਨੇ ਕਿਹਾ ਕਿ ਉਹ ਵਕੀਲ ਹੈ ਤਾਂ ਇਕ ਮਹਿਲਾ ਮੁਲਾਜ਼ਮ ਨੂੰ ਹੋਰ ਗੁੱਸਾ ਚੜ੍ਹ ਗਿਆ। ਫਿਰ ਦੋ ਮਹਿਲਾਵਾਂ ਨੇ ਵਾਲਾਂ ਤੋਂ ਫੜ ਕੇ ਉਸਨੂੰ ਬੁਰੀ ਤਰ੍ਹਾਂ ਕੁੱਟਿਆ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਧੂਹ ਕੇ ਗਲਿਆਰੇ ਵਿਚ ਲੈ ਗਈਆਂ। ਇਕ ਮਹਿਲਾ ਮੁਲਾਜ਼ਮ ਨੇ ਉਸ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ। ਉਸ ਨੇ ਉਸ ਦੇ ਹੱਥ ਵਿਚ ਦੰਦੀ ਵੱਢ ਕੇ ਬਚਾਅ ਕੀਤਾ। ਉਸ ਦੇ ਬਾਅਦ ਮਹਿਲਾ ਮੁਲਾਜ਼ਮਾਂ ਨੇ ਉਸ ਦੀ ਜੈਕਟ ਉਤਾਰ ਕੇ ਉਸ ਨਾਲ ਪਿੱਛੇ ਹੱਥ ਬੰਨ੍ਹ ਦਿੱਤੇ ਤੇ ਇਕ ਨੇ ਦੁਪੱਟੇ ਨਾਲ ਪੈਰ ਬੰਨ੍ਹ ਕੇ ਕਮਰੇ ਵਿਚ ਬੰਦ ਕਰ ਦਿੱਤਾ। ਕੁਝ ਦੇਰ ਬਾਅਦ ਇਕ ਮਰਦ ਪੁਲਸ ਵਾਲੇ ਨੇ ਉਸ ਦੀ ਬ੍ਰਾ ਉਤਾਰ ਕੇ ਉਸ ਦੀ ਛਾਤੀ 'ਤੇ ਪੈਰ ਮਾਰੇ। ਫਿਰ ਇੰਸਪੈਕਟਰ ਨੇ ਉਸ ਦੀ ਪੈਂਟ ਦੀ ਜ਼ਿਪ ਖੋਲ੍ਹ ਕੇ ਆਪਣਾ ਗੁਪਤਾਂਗ ਦਿਖਾਉਂਦਿਆਂ ਉਸ ਨਾਲ ਜਿਸਮਾਨੀ ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਉਸ ਨਾਲ ਛੇੜਛਾੜ ਵੀ ਕੀਤੀ।

ਉਧਰ, ਚੰਦਾਕਾ ਥਾਣੇ ਵਿਚ ਉਨ੍ਹਾਂ ਅਣਪਛਾਤਿਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ, ਜਿਨ੍ਹਾਂ ਮੇਜਰ ਤੇ ਉਸ ਦੀ ਮੰਗੇਤਰ ਨਾਲ ਬਦਸਲੂਕੀ ਕੀਤੀ ਸੀ।

## ਫਰੀਦਕੋਟ ਜ਼ਿਲ੍ਹੇ 'ਚ 23 ਨੂੰ ਸਰਕਾਰੀ ਛੁੱਟੀ

**ਫਰੀਦਕੋਟ (ਡਿਸੂਜਾ, ਬੇਦੀ)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ ਫਰੀਦਕੋਟ ਸ੍ਰੀ ਵਿਨੀਤ ਕੁਮਾਰ ਆਈ.ਏ.ਐੱਸ. ਵੱਲੋਂ ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ-2024 ਦੇ ਮੌਕੇ 23 ਸਤੰਬਰ (ਸੋਮਵਾਰ) ਨੂੰ ਜ਼ਿਲ੍ਹਾ ਫਰੀਦਕੋਟ ਵਿੱਚ ਸਮੂਹ ਸਰਕਾਰੀ ਦਫਤਰਾਂ ਤੇ ਸਿੱਖਿਆ ਸੰਸਥਾਵਾਂ ਆਦਿ ਵਿੱਚ ਲੋਕਲ ਛੁੱਟੀ ਘੋਸ਼ਿਤ ਕੀਤੀ ਗਈ ਹੈ।

## ਵਿਦਿਆਰਥਣ ਨਾਲ ਜਬਰ-ਜ਼ਨਾਹ

**ਖੁੰਟੀ** : ਝਾਰਖੰਡ ਦੇ ਖੁੰਟੀ ਜ਼ਿਲ੍ਹੇ 'ਚ ਸਕੂਲ ਤੋਂ ਘਰ ਆ ਰਹੀ ਆਦਿਵਾਸੀ ਕਬੀਲੇ ਦੀ 16 ਸਾਲਾ ਕੁੜੀ ਨਾਲ ਕਥਿਤ ਤੌਰ 'ਤੇ ਸਮੂਹਕ ਜਬਰ-ਜ਼ਨਾਹ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਮੁਰਹੂ ਥਾਣਾ ਅਧੀਨ ਪੈਂਦੇ ਖੇਤਰ ਵਿਚ ਘਟਨਾ ਸੰਬੰਧੀ ਐੱਫ ਆਈ ਆਰ ਦਰਜ ਕਰਕੇ ਮੁਲਜ਼ਮਾਂ ਦੀ ਪਛਾਣ ਕੀਤੀ ਜਾ ਰਹੀ ਹੈ। ਕੁੜੀ ਬੁੱਧਵਾਰ ਦੁਪਹਿਰ ਸਕੂਲ ਤੋਂ ਘਰ ਵਾਪਸ ਆ ਰਹੀ ਸੀ ਕਿ ਕਰੀਬ 10 ਵਿਅਕਤੀ ਉਸ ਨੂੰ ਸੜਕ ਕਿਨਾਰੇ ਝਾੜੀਆਂ ਵਿਚ ਲੈ ਗਏ ਅਤੇ 5 ਨੇ ਉਸ ਨਾਲ ਜਬਰ-ਜ਼ਨਾਹ ਕੀਤਾ।

## ਪੇਜਰ ਤੇ ਵਾਕੀ-ਟਾਕੀ ਨਾਲ ਹਵਾਈ ਸਫਰ 'ਤੇ ਰੋਕ

**ਦੋਹਾ** : ਕਤਰ ਏਅਰਵੇਜ਼ ਨੇ ਲਿਬਨਾਨ ਤੋਂ ਉਡਾਣ ਭਰਨ ਵਾਲੇ ਸਾਰੇ ਯਾਤਰੀਆਂ 'ਤੇ ਪੇਜਰ ਅਤੇ ਵਾਕੀ-ਟਾਕੀ ਕੋਲ ਰੱਖਣ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਫੈਸਲਾ ਲਿਬਨਾਨ 'ਚ ਵਾਕੀ-ਟਾਕੀ ਅਤੇ ਪੇਜਰ ਧਮਾਕਿਆਂ ਤੋਂ ਬਾਅਦ ਕੀਤਾ ਗਿਆ ਹੈ। ਕਤਰ ਏਅਰਲਾਈਨਜ਼ ਨੇ ਕਿਹਾ ਕਿ ਇਹ ਪਾਬੰਦੀ ਕੈਰੀ-ਆਨ ਸਮਾਨ ਦੇ ਨਾਲ-ਨਾਲ ਕਾਰਗੋ 'ਤੇ ਵੀ ਲਾਗੂ ਹੋਵੇਗੀ।

## ਸੁਪਰੀਮ ਕੋਰਟ ਦਾ ਯੂਟਿਊਬ ਚੈਨਲ ਹੈਕ

**ਨਵੀਂ ਦਿੱਲੀ** : ਸੁਪਰੀਮ ਕੋਰਟ ਦਾ ਯੂਟਿਊਬ ਚੈਨਲ ਸ਼ੁੱਕਰਵਾਰ ਹੈਕ ਹੋ ਗਿਆ ਅਤੇ ਅਮਰੀਕੀ ਕੰਪਨੀ ਰਿਪਲ ਲੈਬਜ਼ ਕ੍ਰਿਪਟੋ ਕਰੰਸੀ ਦੇ ਪ੍ਰਚਾਰ ਵਾਲਾ ਇੱਕ ਵੀਡੀਓ ਦਿਖਾਉਣ ਲੱਗਿਆ। ਹਾਲਾਂਕਿ ਵੀਡੀਓ ਚਲਾਉਣ 'ਤੇ ਕੁੱਝ ਨਹੀਂ ਦਿਖਾਈ ਦੇ ਰਿਹਾ ਸੀ। ਸੁਪਰੀਮ ਕੋਰਟ ਸੰਵਿਧਾਨਕ ਬੈਂਚ ਦੇ ਸਾਹਮਣੇ ਸੂਚੀਬੱਧ ਮਾਮਲਿਆਂ ਅਤੇ ਜਨਤਕ ਹਿੱਤਾਂ ਨਾਲ ਜੁੜੇ ਮਾਮਲਿਆਂ ਦੀ ਸੁਣਵਾਈ ਦੇ ਲਾਈਵ ਟੈਲੀਕਾਸਟ ਲਈ ਯੂਟਿਊਬ ਚੈਨਲ ਦੀ ਵਰਤੋਂ ਕਰ ਰਹੀ ਹੈ। ਕੋਰਟ ਨੇ 2018 'ਚ ਸੰਵਿਧਾਨਕ ਬੈਂਚ ਦੇ ਸਾਹਮਣੇ ਸਾਰੇ ਮਾਮਲਿਆਂ ਦੀ ਸੁਣਵਾਈ ਦਾ ਸਿੱਧਾ ਪ੍ਰਸਾਰਣ ਕਰਨ ਦਾ ਫੈਸਲਾ ਕੀਤਾ ਸੀ।

# ਹਾਈ ਕੋਰਟ ਦੇ ਜੱਜ ਦੀ ਖਿਚਾਈ, ਚੀਫ ਜਸਟਿਸ ਤੋਂ ਰਿਪੋਰਟ ਤਲਬ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਕਰਨਾਟਕ ਹਾਈ ਕੋਰਟ ਦੇ ਜੱਜ ਵੇਦਵਯਾਸਚਰ ਸ੍ਰੀਸ਼ਾਨੰਦ ਵੱਲੋਂ ਹਾਲ ਹੀ ਵਿਚ ਕੀਤੀਆਂ ਗਈਆਂ ਟਿੱਪਣੀਆਂ ਨੂੰ ਲੈ ਕੇ ਉਸਦੀ ਖਿਚਾਈ ਕਰਦਿਆਂ ਹਾਈ ਕੋਰਟ ਤੋਂ ਰਿਪੋਰਟ ਮੰਗੀ ਹੈ। ਸੁਪਰੀਮ ਕੋਰਟ ਨੇ ਟਿੱਪਣੀਆਂ ਦੀ ਸੋਸ਼ਲ ਮੀਡੀਆ 'ਤੇ ਚਰਚਾ ਹੋਣ ਤੋਂ ਬਾਅਦ ਖੁਦ ਹੀ ਕੇਸ ਨੂੰ ਆਪਣੇ ਹੱਥ ਲਿਆ ਹੈ। ਜਸਟਿਸ ਸ੍ਰੀਸ਼ਾਨੰਦ ਨੇ ਮਾਲਕ ਤੇ ਕਿਰਾਏਦਾਰ ਵਿਚਾਲੇ ਝਗੜੇ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਬੇਂਗਲੁਰੂ ਦੇ ਮੁਸਲਮ ਬਹੁਗਿਣਤੀ ਵਾਲੇ ਇਲਾਕੇ ਨੂੰ ਪਾਕਿਸਤਾਨ ਕਹਿ ਦਿੱਤਾ ਸੀ। ਇਕ ਹੋਰ ਮਾਮਲੇ ਵਿਚ ਇਕ ਮਹਿਲਾ ਵਕੀਲ ਬਾਰੇ ਘ੍ਰਿਣਤ ਟਿੱਪਣੀ ਕੀਤੀ ਸੀ।

ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਸੰਜੀਵ ਖੰਨਾ, ਜਸਟਿਸ ਬੀ ਆਰ ਗਵਈ, ਜਸਟਿਸ ਸੂਰੀਆ ਕਾਂਤ ਤੇ ਜਸਟਿਸ ਰਿਸ਼ੀਕੇਸ਼ ਰਾਇ 'ਤੇ ਅਧਾਰਤ ਪੰਜ ਮੈਂਬਰੀ ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਹਦਾਇਤ ਕੀਤੀ ਕਿ ਉਹ ਚੀਫ ਜਸਟਿਸ ਤੋਂ ਪ੍ਰਸ਼ਾਸਕੀ ਹਦਾਇਤਾਂ ਲੈ ਕੇ ਦੋ ਦਿਨਾਂ ਵਿਚ ਸੁਪਰੀਮ ਕੋਰਟ ਨੂੰ ਰਿਪੋਰਟ ਘੱਲੇ।

ਚੀਫ ਜਸਟਿਸ ਚੰਦਰਚੂੜ ਨੇ ਕਿਹਾ—ਕਰਨਾਟਕ ਹਾਈ ਕੋਰਟ ਦੇ ਜੱਜ ਵੱਲੋਂ ਸੁਣਵਾਈ ਦੌਰਾਨ ਕੀਤੀਆਂ ਟਿੱਪਣੀਆਂ ਬਾਰੇ ਮੀਡੀਆ ਰਿਪੋਰਟਾਂ ਵੱਲ ਧਿਆਨ ਦਿਵਾਇਆ ਗਿਆ ਹੈ। ਉਹ ਸਾਰੀਆਂ ਕੋਰਟਾਂ ਨੂੰ ਸਲਾਹ ਦਿੰਦੇ ਹਨ ਕਿ ਕੋਰਟ ਵਿਚ ਸੁਣਵਾਈ ਲਾਈਵ-ਸਟ੍ਰੀਮ ਹੁੰਦੀ ਹੈ। ਸੋਸ਼ਲ ਮੀਡੀਆ ਦੇ ਅਜੋਕੇ ਦੌਰ ਵਿਚ ਸਾਨੂੰ ਨੇੜਿਓਂ ਵਾਚਿਆ ਜਾਂਦਾ ਹੈ ਤੇ ਸਾਨੂੰ ਸੰਭਲ ਕੇ ਚੱਲਣਾ ਚਾਹੀਦਾ ਹੈ।

ਜੱਜ ਦੀਆਂ ਟਿੱਪਣੀਆਂ ਦੀਆਂ ਵੀਡੀਓ ਕਲਿੱਪਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਇੰਦਰਾ ਜੈਸਿੰਘ ਤੇ ਹੋਰਨਾਂ ਉੱਘੇ ਵਕੀਲਾਂ ਨੇ ਮੰਗ ਕੀਤੀ ਸੀ ਕਿ ਸੁਪਰੀਮ ਕੋਰਟ ਇਸਦਾ ਖੁਦ ਹੀ ਨੋਟਿਸ ਲਵੇ। ਇੰਦਰਾ ਜੈਸਿੰਘ ਨੇ ਇਹ ਵੀ ਕਿਹਾ ਸੀ ਕਿ ਕਰਨਾਟਕ ਹਾਈ ਕੋਰਟ ਦੇ ਜੱਜ ਨੂੰ ਸਿਖਾਇਆ ਜਾਵੇ ਕਿ ਬੀਬੀਆਂ ਨਾਲ ਕਿਵੇਂ ਪੇਸ਼ ਆਈਦਾ ਹੈ।

ਵੀਡੀਓ ਕਲਿੱਪ ਵਿਚ ਜਸਟਿਸ ਸ੍ਰੀਸ਼ਾਨੰਦ ਮਹਿਲਾ ਵਕੀਲ ਨੂੰ ਇਹ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਉਹ 'ਵਿਰੋਧੀ ਪਾਰਟੀ' ਬਾਰੇ ਕਾਫੀ ਜਾਣਦੀ ਹੈ, ਏਨਾ ਜ਼ਿਆਦਾ ਕਿ ਉਹ ਦੱਸ ਸਕਦੀ ਹੈ ਕਿ ਸਵਾਲ ਦੇ ਘੇਰੇ ਵਿਚ ਆਏ ਵਿਅਕਤੀ ਨੇ ਕਿਹੜੇ ਰੰਗ ਦੇ ਅੰਗ-ਵਸਤਰ ਪਾਏ ਹੋਏ ਸਨ। ਸੁਪਰੀਮ ਕੋਰਟ ਰਿਪੋਰਟ ਮਿਲਣ ਤੋਂ ਬਾਅਦ ਇਸ ਮਾਮਲੇ 'ਤੇ 23 ਸਤੰਬਰ ਨੂੰ ਫਿਰ ਸੁਣਵਾਈ ਕਰੇਗੀ।



# ਪੰਜਾਬ ਨੂੰ ਇਕ ਹਜ਼ਾਰ ਕਰੋੜ ਦੇ ਹਰਜਾਨੇ ਦੇ ਹੁਕਮ 'ਤੇ ਰੋਕ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ ਜੀ ਟੀ) ਦੇ ਉਸ ਹੁਕਮ 'ਤੇ ਰੋਕ ਲਗਾ ਦਿੱਤੀ, ਜਿਸ ਵਿਚ ਪੰਜਾਬ ਨੂੰ ਵਾਤਾਵਰਨ ਹਰਜਾਨੇ ਵਜੋਂ 1,000 ਕਰੋੜ ਰੁਪਏ ਤੋਂ ਵੱਧ ਦਾ ਭੁਗਤਾਨ ਕਰਨ ਲਈ ਕਿਹਾ ਗਿਆ ਸੀ। ਸੂਬੇ 'ਚ ਰਹਿੰਦ-ਖੂੰਹਦ ਅਤੇ ਅਣਸੋਧੇ ਸੀਵਰੇਜ ਦਾ ਪ੍ਰਬੰਧਨ ਕਰਨ 'ਚ ਅਸਫਲ ਰਹਿਣ ਲਈ ਪੰਜਾਬ ਸਰਕਾਰ ਨੂੰ ਇਹ ਹਰਜਾਨਾ ਲਾਇਆ ਗਿਆ ਸੀ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਅਤੇ ਮਨੋਜ ਮਿਸਰਾ ਦੀ ਬੈਂਚ ਨੇ ਐੱਨ ਜੀ ਟੀ ਦੇ ਹੁਕਮਾਂ ਖਿਲਾਫ ਸੂਬਾ ਸਰਕਾਰ ਵੱਲੋਂ ਦਾਇਰ ਅਪੀਲ 'ਤੇ ਕੇਂਦਰ ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਮੌਕੇ ਸੂਬਾ ਸਰਕਾਰ ਵੱਲੋਂ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਪੇਸ਼ ਹੋਏ। ਐੱਨ ਜੀ ਟੀ ਨੇ ਆਪਣੇ 25 ਜੁਲਾਈ ਦੇ ਹੁਕਮ 'ਚ ਮੁੱਖ ਸਕੱਤਰ ਰਾਹੀਂ ਪੰਜਾਬ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਵਾਤਾਵਰਨ ਹਰਜਾਨੇ ਵਜੋਂ 10,261,908,000 ਰੁਪਏ ਇੱਕ ਮਹੀਨੇ ਦੇ ਅੰਦਰ-ਅੰਦਰ ਜਮ੍ਹਾਂ ਕਰਾਉਣ।

# ਰਾਹੁਲ ਅਮਰੀਕਾ 'ਚ ਜ਼ਖਮੀ ਮੁੰਡੇ ਦੇ ਘਰ ਪੁੱਜੇ



**ਚੰਡੀਗੜ੍ਹ** : ਰਾਹੁਲ ਗਾਂਧੀ ਵਿਦੇਸ਼ 'ਚ ਹਾਦਸੇ 'ਚ ਜ਼ਖਮੀ ਹੋਏ ਨੌਜਵਾਨ ਦੇ ਪਰਵਾਰ ਨਾਲ ਮੁਲਾਕਾਤ ਕਰਨ ਕਰਨਾਲ ਪਹੁੰਚੇ। ਰਾਹੁਲ ਨੇ ਹਾਲੀਆ ਅਮਰੀਕੀ ਫੇਰੀ ਦੌਰਾਨ ਜ਼ਖਮੀ ਨੌਜਵਾਨ ਅਮਿਤ ਨਾਲ ਮੁਲਾਕਾਤ ਕੀਤੀ ਸੀ। ਕਰਨਾਲ ਦੇ ਸਥਾਨਕ ਕਾਂਗਰਸੀ ਆਗੂਆਂ ਨੇ ਕਿਹਾ ਕਿ ਰਾਹੁਲ ਦੇ ਦੌਰੇ ਬਾਰੇ ਉਦੋਂ ਹੀ ਪਤਾ ਲੱਗਾ, ਜਦੋਂ ਉਹ ਘੋਗੜੀਪੁਰ ਪਿੰਡ ਪਹੁੰਚੇ। ਰਾਹੁਲ ਦਾ ਅਚਾਨਕ ਦੌਰਾ ਅਜਿਹੇ ਸਮੇਂ 'ਚ ਹੋਇਆ ਹੈ ਜਦੋਂ ਵਿਧਾਨ ਸਭਾ ਚੋਣਾਂ 'ਚ ਕੁੱਝ ਦਿਨ ਬਾਕੀ ਹਨ।

ਅਮਿਤ ਦੇ ਭਰਾ ਅਜੀਤ ਨੇ ਦੱਸਿਆ ਕਿ ਰਾਹੁਲ ਸਵੇਰੇ 6 ਵਜੇ ਦੇ ਕਰੀਬ ਪਹੁੰਚੇ। ਉਸ ਨੇ ਦੱਸਿਆ—ਮੇਰਾ ਛੋਟਾ ਭਰਾ ਅਮਰੀਕਾ 'ਚ ਰਹਿੰਦਾ ਹੈ, ਉਸ ਦਾ ਕੁਝ ਮਹੀਨੇ ਪਹਿਲਾਂ ਐਕਸੀਡੈਂਟ ਹੋ ਗਿਆ ਸੀ, ਜਿਸ ਕਾਰਨ ਉਸ ਦੀ ਹਾਲਤ ਠੀਕ ਨਹੀਂ ਹੈ। ਕਾਫੀ ਪਰੇਸ਼ਾਨੀਆਂ 'ਚੋਂ ਗੁਜ਼ਰ ਰਿਹਾ ਹੈ। ਰਾਹੁਲ ਉਸ ਨੂੰ ਅਮਰੀਕਾ ਵਿਚ ਮਿਲੇ ਸਨ ਅਤੇ ਵਾਅਦਾ ਕੀਤਾ ਸੀ ਕਿ ਉਹ ਉਸ ਦੇ ਪਰਵਾਰ ਨੂੰ ਮਿਲਣ ਜਾਣਗੇ।

# ਅੰਤਰਮ ਉਪਾਅ ਪੇਸ਼ ਕਰਨ ਦੀ ਹਦਾਇਤ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਦਿੱਲੀ ਦੇ ਇਕ ਕੋਚਿੰਗ ਸੈਂਟਰ ਵਿਚ ਜੁਲਾਈ ਮਹੀਨੇ ਇਮਾਰਤ ਦੇ ਬੇਸਮੈਂਟ 'ਚ ਪਾਣੀ ਆਉਣ ਕਾਰਨ ਤਿੰਨ ਆਈ ਏ ਐੱਸ ਪ੍ਰੀਖਿਆਰਥੀਆਂ ਦੀ ਮੌਤ ਦੀ ਜਾਂਚ ਕਰ ਰਹੀ ਉੱਚ ਪੱਧਰੀ ਕਮੇਟੀ ਨੂੰ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਚਾਰ ਹਫਤਿਆਂ 'ਚ ਅੰਤਰਮ ਉਪਾਅ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ। ਜਸਟਿਸ ਸੂਰੀਆ ਕਾਂਤ ਅਤੇ ਉਜਲ ਭੂਈਆਂ ਦੀ ਬੈਂਚ ਨੇ ਹਰਿਆਣਾ, ਉੱਤਰ ਪ੍ਰਦੇਸ਼ ਅਤੇ ਦਿੱਲੀ ਸਰਕਾਰਾਂ ਨੂੰ ਹਦਾਇਤ ਕੀਤੀ ਕਿ ਉਹ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਨੀਤੀ, ਵਿਧਾਨਕ ਅਤੇ ਪ੍ਰਸ਼ਾਸਨਿਕ ਤਬਦੀਲੀਆਂ ਬਾਰੇ ਅਦਾਲਤ ਨੂੰ ਜਾਣੂ ਕਰਵਾਉਣ। ਬੈਂਚ ਨੇ ਕਿਹਾ ਕਿ ਜੇ ਲੋੜ ਪਈ ਤਾਂ ਉਹ ਪੁਰਾਣੇ ਰਾਜੇਂਦਰ ਨਗਰ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਪੂਰੇ ਭਾਰਤ ਨੂੰ ਨਿਰਦੇਸ਼ ਦੇਵੇਗੀ।

# ਰਵਾਇਤੀ ਖਣਨ ਸਰੋਤਾਂ ਤੋਂ ਹਟ ਕੇ ਬਹੁਮੁੱਲੇ ਖਣਿਜਾਂ ਦੀ ਖੋਜ 'ਤੇ ਜ਼ੋਰ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸ਼ੁੱਕਰਵਾਰ ਖਣਨ ਤੇ ਭੂ-ਵਿਗਿਆਨ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਸਰਕਾਰੀ ਤੇ ਪ੍ਰਾਈਵੇਟ ਕੰਪਨੀਆਂ ਨੂੰ ਸੱਦਾ ਦਿੱਤਾ ਹੈ ਕਿ ਸੂਬੇ 'ਚ ਰੇਤ, ਬਜਰੀ ਤੇ ਗਟਕਾ ਆਦਿ ਖਣਿਜਾਂ ਤੋਂ ਹਟ ਕੇ ਹੋਰਨਾਂ ਕੀਮਤੀ ਖਣਿਜ ਪਦਾਰਥਾਂ ਦੀ ਖੋਜ ਵੱਲ ਉਚੇਚਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ।ਖਣਨ ਅਤੇ ਭੂ-ਵਿਗਿਆਨ ਵਿਭਾਗ ਵੱਲੋਂ ਨੈਸ਼ਨਲ ਮਿਨਰਲ ਐਕਸਪਲੋਰੇਸ਼ਨ ਟਰੱਸਟ (ਐਨ ਐਮ ਈ ਟੀ) ਦੇ ਸਹਿਯੋਗ ਨਾਲ 'ਖਣਿਜਾਂ ਦੀ ਖੋਜ' ਵਿਸ਼ੇ 'ਤੇ ਇੱਥੇ ਕਰਵਾਈ ਗਈ ਵਰਕਸ਼ਾਪ ਦੌਰਾਨ ਬੋਲਦਿਆਂ ਕੈਬਨਿਟ ਮੰਤਰੀ ਨੇ ਹਾਲ ਹੀ ਵਿੱਚ ਕੀਤੀਆਂ ਖੋਜਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਖੇਤਰ ਵਿੱਚ ਹੋਰ ਖਣਿਜਾਂ ਦੀ ਪ੍ਰਾਪਤੀ ਸੰਬੰਧੀ ਸੰਭਾਵਨਾ 'ਤੇ ਜ਼ੋਰ ਦਿੱਤਾ।ਪੰਜਾਬ ਸਰਕਾਰ ਦੇ ਭੂ-ਵਿਗਿਆਨੀਆਂ ਵੱਲੋਂ ਜੁਲਾਈ 2022 ਵਿੱਚ ਸੌਂਪੀ ਗਈ ਰਿਪੋਰਟ ਦਾ ਹਵਾਲਾ ਦਿੰਦਿਆਂ ਜੌੜਾਮਾਜਰਾ ਨੇ ਕਿਹਾ ਕਿ ਵਿਗਿਆਨੀਆਂ ਵੱਲੋਂ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਕਬਰਵਾਲਾ ਵਿਖੇ 6 ਮਿਲੀਅਨ ਟਨ ਪੋਟਾਸ਼ੀਅਮ ਦੀ ਖੋਜ ਕੀਤੀ ਗਈ ਹੈ।ਉਨ੍ਹਾ ਕਿਹਾ ਕਿ ਪੋਟਾਸ਼ੀਅਮ ਦੀ ਜ਼ਿਆਦਾਤਰ ਵਰਤੋਂ ਖਾਦਾਂ ਲਈ ਹੁੰਦੀ ਹੈ ਅਤੇ ਦੇਸ਼ ਵਿੱਚ 99 ਫ਼ੀਸਦੀ ਪੋਟਾਸ਼ ਦੀ ਦਰਾਮਦਗੀ ਹੁੰਦੀ ਹੈ। ਉਨ੍ਹਾ ਕਿਹਾ ਕਿ ਇਸ ਖੇਤਰ ਵਿੱਚ ਹੋਈਆਂ ਖੋਜਾਂ ਮੁਤਾਬਕ ਪੰਜਾਬ ਦੇਸ਼ ਦਾ ਚੌਥਾ ਅਜਿਹਾ ਸੂਬਾ ਹੈ, ਜਿੱਥੇ ਪੋਟਾਸ਼ੀਅਮ ਮਿਲਿਆ ਹੈ। ਉਨ੍ਹਾ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸਿਰਫ਼ ਰੇਤ ਅਤੇ ਬਜਰੀ ਦੀ ਲੋਕਾਂ ਨੂੰ ਕਿਫ਼ਾਇਤੀ ਸਪਲਾਈ ਵੱਲ ਹੀ ਧਿਆਨ ਨਹੀਂ ਦੇ ਰਹੀ, ਸਗੋਂ ਇਸ ਖੇਤਰ ਵਿੱਚ ਨਵੀਆਂ ਖੋਜਾਂ ਨੂੰ ਵੀ ਉਤਸ਼ਾਹਤ ਕਰ ਰਹੀ ਹੈ। ਉਨ੍ਹਾ ਕਿਹਾ ਕਿ ਇਸੇ ਦਿਸ਼ਾ ਵਿੱਚ ਅੱਗੇ ਵਧਣ ਲਈ ਅਤੇ ਪ੍ਰਾਈਵੇਟ ਕੰਪਨੀਆਂ ਰਾਹੀਂ ਵੀ ਖੋਜ ਕਾਰਜ ਕਰਵਾਉਣ ਲਈ ਇਹ ਸਮਾਗਮ ਉਲੀਕਿਆ ਗਿਆ ਹੈ। ਉਨ੍ਹਾਂ ਸਰਕਾਰੀ ਅਤੇ ਪ੍ਰਾਈਵੇਟ ਕੰਪਨੀਆਂ ਖੇਤਰ ਦੇ ਭੂ-ਵਿਗਿਆਨੀਆਂ ਨੂੰ ਕਿਹਾ ਕਿ ਉਹ ਕੀਮਤੀ ਖਣਿਜਾਂ ਦੀ ਖੋਜ ਵੱਲ ਉਚੇਚਾ ਧਿਆਨ ਦੇਣ, ਜਿਸ ਨਾਲ ਪੰਜਾਬ ਆਰਥਕ ਪੱਖੋਂ ਹੋਰ ਮਜ਼ਬੂਤ ਹੋਵੇਗਾ ਅਤੇ ਰਾਜ ਤੇ ਦੇਸ਼ ਦੀ ਤਰੱਕੀ ਹੋਵੇਗੀ।ਕੈਬਨਿਟ ਮੰਤਰੀ ਨੇ ਇਸ ਖੇਤਰ ਨਵੇਂ ਦਿਸਹੱਦੇ ਕਾਇਮ ਕਰਨ ਲਈ ਵਿਭਾਗ ਦੇ ਅਧਿਕਾਰੀਆਂ ਨੂੰ ਭਾਰਤ ਸਰਕਾਰ ਨੇ ਖਣਨ ਮੰਤਰਾਲੇ ਨਾਲ ਨਿਰੰਤਰ ਰਾਬਤਾ ਰੱਖਣ ਲਈ ਵੀ ਕਿਹਾ ਤਾਂ ਜੋ ਖੋਜ ਕਾਰਜਾਂ ਵਿੱਚ ਕਿਸੇ ਤਰ੍ਹਾਂ ਦੀ ਖੜੋਤ ਨਾ ਆਵੇ।ਵਰਕਸ਼ਾਪ ਵਿੱਚ ਹੋਰਨਾਂ ਪਤਵੰਤਿਆਂ ਤੋਂ ਇਲਾਵਾ ਖਣਨ ਤੇ ਭੂ-ਵਿਗਿਆਨ ਵਿਭਾਗ ਦੇ ਸਕੱਤਰ ਗੁਰਕਿਰਤ ਕਿਰਪਾਲ ਸਿੰਘ, ਜਿਓਲੌਜੀਕਲ ਸਰਵੇਅ ਆਫ਼ ਇੰਡੀਆ ਦੇ ਡੀ ਡੀ ਜੀ ਡਾ. ਗੁਪਤਾ, ਸੁਪਰਿੰਟੈਂਡਿੰਗ ਭੂ-ਵਿਗਿਆਨੀ, ਐਨ ਐਮ ਈ ਟੀ, ਖਣਨ ਮੰਤਰਾਲਾ ਅੰਜੂ ਸੀ ਐਸ ਅਤੇ ਹਰਿੰਦਰਪਾਲ ਸਿੰਘ ਬੇਦੀ, ਮੁੱਖ ਇੰਜੀਨੀਅਰ, ਮਾਈਨਿੰਗ, ਪੰਜਾਬ ਵੀ ਮੌਜੂਦ ਰਹੇ।ਵਰਕਸ਼ਾਪ ਦੇ ਪਹਿਲੇ ਤਕਨੀਕੀ ਸੈਸ਼ਨ ਦਾ ਸੰਚਾਲਨ ਜਿਓਲੌਜੀਕਲ ਸਰਵੇਅ ਆਫ਼ ਇੰਡੀਆ ਦੇ ਡਾਇਰੈਕਟਰ ਏ ਕੇ ਤਲਵਾੜ ਨੇ ਕੀਤਾ। ਉਨ੍ਹਾ ਪੰਜਾਬ ਵਿੱਚ ਪੋਟਾਸ਼ ਲਈ ਜਿਓਲੌਜੀਕਲ ਸਰਵੇਅ ਆਫ਼ ਇੰਡੀਆ ਵੱਲੋਂ ਕੀਤੀ ਖੋਜ ਬਾਰੇ ਗੱਲ ਕੀਤੀ ਅਤੇ ਪੰਜਾਬ ਵਿੱਚ ਪੋਟਾਸ਼ ਦੀ ਖੋਜ ਸੰਬੰਧੀ ਮੌਜੂਦਾ ਅਤੇ ਭਵਿੱਖੀ ਸੰਭਾਵਨਾਵਾਂ ਬਾਰੇ ਚਰਚਾ ਕੀਤੀ।ਦੂਜੇ ਤਕਨੀਕੀ ਸੈਸ਼ਨ ਦਾ ਸੰਚਾਲਨ ਜਿਓਲੌਜੀਕਲ ਸਰਵੇਅ ਆਫ਼ ਇੰਡੀਆ ਦੇ ਡਾਇਰੈਕਟਰ ਅਪਰਾਜਿਤਾ ਭੱਟਾਚਾਰੀਆ ਨੇ ਕੀਤਾ। ਉਨ੍ਹਾ ਵਾਤਾਵਰਣ ਅਧਿਐਨ ਬਾਰੇ ਨੈਸ਼ਨਲ ਜੀਓਕੈਮੀਕਲ ਮੈਪਿੰਗ ਵਿਸ਼ੇ 'ਤੇ ਭਾਸ਼ਣ ਦਿੱਤਾ। ਇਸ ਉਪਰੰਤ ਐਨ ਪੀ ਈ ਏਜ਼ ਅਤੇ ਹੋਰ ਵਿਭਾਗੀ ਅਧਿਕਾਰੀਆਂ/ਕਰਮਚਾਰੀਆਂ ਨਾਲ ਗੱਲਬਾਤ ਵੀ ਕੀਤੀ ਗਈ।

# ਭਾਰਤੀ ਸਟੇਟ ਬੈਂਕ ਦੀ ਸ਼ੇਖਪੁਰਾ ਬ੍ਰਾਂਚ 'ਚ ਕਰੋੜਾਂ ਦਾ ਗਬਨ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਸਟੇਟ ਬੈਂਕ ਆਫ ਇੰਡੀਆ ਦੀ ਸ਼ੇਖਪੁਰਾ ਬ੍ਰਾਂਚ ਵਿਚ ਤਾਇਨਾਤ ਹੈੱਡ ਕੈਸ਼ੀਅਰ ਖ਼ਿਲਾਫ਼ ਥਾਣਾ ਤਲਵੰਡੀ ਸਾਬੋ ਵਿਖੇ ਅਮਾਨਤ ਵਿਚ ਖਿਆਨਤ ਪਾਉਣ ਅਤੇ ਹੇਰਾਫੇਰੀ ਕਰਨ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਗਿਆ। ਇਹ ਕਾਰਵਾਈ ਪੁਲਸ ਦੇ ਆਰਥਿਕ ਅਪਰਾਧ ਸ਼ਾਖਾ ਦੀ ਪੜਤਾਲੀਆ ਰਿਪੋਰਟ ਆਉਣ ਤੋਂ ਬਾਅਦ ਅਮਲ ਵਿਚ ਲਿਆਂਦੀ ਗਈ ਹੈ। ਰਿਪੋਰਟ ਮੁਤਾਬਕ ਉਕਤ ਕੈਸ਼ੀਅਰ ਬੈਂਕ ਦੇ ਖਪਤਕਾਰਾਂ ਦੇ ਜਾਅਲੀ ਦਸਤਖਤ ਕਰਕੇ ਉਨ੍ਹਾਂ ਦੇ ਖਾਤਿਆਂ ਵਿਚੋਂ ਪੈਸੇ ਕਢਵਾ ਲੈਂਦਾ ਸੀ। ਇਸੇ ਤਰ੍ਹਾਂ ਉਸ ਨੇ ਬੈਂਕ ਦੇ ਲਾਕਰਾਂ ਵਿਚ ਰੱਖਿਆ ਹੋਇਆ ਸੋਨਾ ਵੀ ਗਾਇਬ ਕੀਤਾ ਹੈ। ਏ ਟੀ ਐਮ ਮਸ਼ੀਨ ਵਿਚ ਪਾਉਣ ਵਾਲੀ ਰਕਮ ਵਿਚ ਵੀ ਵੱਡੀ ਧਾਂਦਲੀ ਕੀਤੀ ਹੈ। ਇਸ ਮਾਮਲੇ 'ਚ ਗਾਹਕਾਂ ਦੀ ਸ਼ਿਕਾਇਤ ਤੋਂ ਬਾਅਦ ਪੁਲਸ ਨੇ ਜਾਂਚ ਕੀਤੀ ਅਤੇ ਸ਼ੁਰੂਆਤੀ ਜਾਂਚ 'ਚ ਹੀ ਗਾਹਕਾਂ ਦੇ ਖਾਤਿਆਂ 'ਚੋਂ ਕੁੱਲ 39 ਲੱਖ, 41 ਹਜ਼ਾਰ 400 ਰੁਪਏ ਕਢਵਾਏ ਗਏ, ਜਦਕਿ 342 ਗ੍ਰਾਮ 27 ਗ੍ਰਾਮ ਸੋਨਾ ਅਤੇ 15 ਲੱਖ ਰੁਪਏ ਏ ਟੀ ਐਮ ਮਸ਼ੀਨ ਦੀ ਰਕਮ ਵਿਚੋਂ ਅਤੇ ਬੈਂਕ ਦੇ ਏ ਟੀ ਐਮ ਵਿਚੋਂ 84 ਹਜ਼ਾਰ ਕਢਵਾ ਲਏ। ਖੁਰਦ ਬੁਰਦ ਕੀਤੇ ਗਏ ਸੋਨੇ ਦੀ ਬਾਜ਼ਾਰੀ ਕੀਮਤ 2 ਕਰੋੜ 65 ਲੱਖ 68 ਹਜ਼ਾਰ ਰੁਪਏ ਬਣਦੀ ਹੈ। ਇਸ ਤਰ੍ਹਾਂ ਕੈਸ਼ੀਅਰ ਨੇ ਸਰਕਾਰ ਅਤੇ ਗਾਹਕਾਂ ਨਾਲ 3 ਕਰੋੜ 20 ਲੱਖ ਰੁਪਏ ਤੋਂ ਵੱਧ ਦੀ ਠੱਗੀ ਮਾਰੀ ਹੈ। ਉਸ ਦੀ ਗ੍ਰਿਫਤਾਰੀ ਹੋਣੀ ਅਜੇ ਬਾਕੀ ਹੈ। ਥਾਣਾ ਤਲਵੰਡੀ ਸਾਬੋ ਨੂੰ ਦਿੱਤੀ ਸ਼ਿਕਾਇਤ ਵਿਚ ਪਿਆਰਾ ਸਿੰਘ ਵਾਸੀ ਪਿੰਡ ਸੰਦੋਹਾ ਨੇ ਦੱਸਿਆ ਕਿ ਉਸ ਨੇ ਆਪਣਾ ਖਾਤਾ ਨੰਬਰ 65233604539 ਸਟੇਟ ਬੈਂਕ ਆਫ਼ ਇੰਡੀਆ ਬਰਾਂਚ ਸ਼ੇਖਪੁਰਾ ਤਹਿਸੀਲ ਤਲਵੰਡੀ ਸਾਬੋ ਵਿਖੇ ਖੁਲ੍ਹਵਾਇਆ ਸੀ ਅਤੇ ਉਸ ਦੇ ਨਾਲ ਉਸ ਦੇ ਭਰਾ ਤਾਰਾ ਸਿੰਘ ਨੇ ਵੀ ਖਾਤਾ ਨੰਬਰ 65237356508 ਖੁਲ੍ਹਵਾਇਆ ਸੀ । ਉਸ ਦੇ ਲੜਕੇ ਨੇ ਪੜ੍ਹਾਈ ਕਰਨ ਲਈ ਵਿਦੇਸ਼ ਜਾਣਾ ਸੀ, ਜਿਸ ਲਈ ਫੀਸ ਦੇ ਪੈਸੇ ਉਸ ਨੇ ਬੈਂਕ ਵਿਚ ਜਮ੍ਹਾਂ ਕਰਵਾਏ ਸਨ। ਉਸ ਨੇ ਬੈਂਕ ਅਧਿਕਾਰੀਆਂ ਨੂੰ ਆਖਿਆ ਸੀ ਕਿ ਜਦ ਕਾਲਜ ਵੱਲੋਂ ਫੀਸ ਭਰਨ ਲਈ ਪੱਤਰ ਆਵੇਗਾ ਤਾਂ ਉਦੋਂ ਇਹ ਰਕਮ ਫੀਸ ਲਈ ਵਰਤੀ ਜਾਵੇਗੀ। ਸ਼ਿਕਾਇਤਕਰਤਾ ਅਨੁਸਾਰ ਜਦੋਂ ਕਾਲਜ ਵੱਲੋਂ ਫੀਸ ਭਰਨ ਦਾ ਪੱਤਰ ਮਿਲਿਆ ਤਾਂ ਉਹ ਫੀਸ ਭਰਨ ਲਈ ਬੈਂਕ ਗਿਆ ਤਾਂ ਬੈਂਕ ਅਧਿਕਾਰੀਆਂ ਨੇ ਉਸ ਨੂੰ ਦੱਸਿਆ ਕਿ ਉਸ ਦੇ ਖਾਤੇ 'ਚੋਂ ਫਰਵਰੀ ਮਹੀਨੇ 'ਚ 13 ਲੱਖ 32 ਹਜ਼ਾਰ ਰੁਪਏ ਕਢਵਾਏ ਗਏ ਸਨ, ਇਸ ਲਈ ਹੁਣ ਬਾਕੀ ਬਚਦੀ ਰਕਮ ਨਾਲ ਕਾਲਜ ਦੀ ਫੀਸ ਨਹੀਂ ਭਰੀ ਜਾ ਸਕਦੀ। ਉਸ ਨੇ ਬੈਂਕ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਨੇ ਇਕ ਨਵਾਂ ਪੈਸਾ ਆਪਣੇ ਖਾਤੇ 'ਚੋਂ ਨਹੀਂ ਕਢਵਾਇਆ । ਇਸ ਤੋਂ ਬਾਅਦ ਉਸ ਨੇ ਐਸ ਐਸ ਪੀ ਬਠਿੰਡਾ ਨੂੰ ਦਰਖਾਸਤ ਦੇ ਕੇ ਇਨਸਾਫ ਦੀ ਮੰਗ ਕੀਤੀ। ਪੁਲਸ ਕਪਤਾਨ ਵੱਲੋਂ ਉਕਤ ਦਰਖਾਸਤ ਨੂੰ ਜਾਂਚ ਲਈ ਆਰਥਿਕ ਅਪਰਾਧ ਸ਼ਾਖਾ ਕੋਲ ਟਰਾਂਸਫਰ ਕੀਤਾ ਗਿਆ

• ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਬੋਲਦਾ ਪੁੱਠਾ ਕਰਨਾਟਕ ਦਾ ਜੱਜ ਕਹਿੰਦੇ,
ਟਿੱਪਣੀ ਕਰਦਿਆਂ ਲੰਘੀ ਉਸ ਹੱਦ ਭਾਈ।
ਫਿਰਕੂ ਜ਼ਹਿਰ ਦੀ ਕਰੇ ਉਹ ਬੋਲ-ਬਾਣੀ,
ਅਦਾਲਤੀ ਫਰਜ਼ ਦਾ ਭੁੱਲ ਕੇ ਕੱਦ ਭਾਈ।
ਏਥੋਂ ਤੱਕ ਵੀ ਉਹ ਨਹੀਂ ਰਿਹਾ ਟਿਕਿਆ,
ਮਰਿਆਦਾ ਮਾਣ ਨੂੰ ਗਿਆ ਉਲੱਦ ਭਾਈ।
ਇਸਤਰੀ ਵਰਗ ਦੇ ਮਾਣ ਨੂੰ ਢਾਹ ਲਾਈ,
ਅਸਲੀ ਮੁੱਦੇ ਦੀ ਭੁੱਲ ਗਿਆ ਮੱਦ ਭਾਈ।
ਜਿਹੜੇ ਦੇਸ਼ ਵਿੱਚ ਇਹੋ ਜਿਹੇ ਜੱਜ ਬੈਠੇ,
ਦੁਨੀਆ ਕਰੂ ਨਹੀਂ ਕਿਵੇਂ ਮਜ਼ਾਕ ਭਾਈ।
ਟਿੱਪਣੀ ਉਹਦੀ ਆ ਖਾਸ ਸੰਕੇਤ ਕਰਦੀ,
ਜਾਪਦੀ ਇਹ ਨਾ ਨਿਰਾ ਇਤਫਾਕ ਭਾਈ।

-ਤੀਸ ਮਾਰ ਖਾਂ

# ਲੁਧਿਆਣਾ ਦੇ ਬੁੱਢੇ ਨਾਲੇ ਨੂੰ ਮਿਸ਼ਨ ਤਹਿਤ ਸਾਫ਼ ਕਰਨ ਦਾ ਐਲਾਨ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਲੁਧਿਆਣਾ ਵਿੱਚ ਬੁੱਢਾ ਨਾਲੇ ਦੀ ਸਫ਼ਾਈ ਤਿੰਨ ਪੜਾਵੀ ਰਣਨੀਤੀ ਬਣਾ ਕੇ ਸ਼ੁਰੂ ਕੀਤੀ ਜਾਵੇਗੀ।ਇੱਥੇ ਵਿਸ਼ਵ ਪ੍ਰਸਿੱਧ ਨੇਬੁਲਾ ਗਰੁੱਪ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਪਾਣੀ ਦੇ ਪ੍ਰਦੂਸ਼ਣ ਦੀ ਸਮੱਸਿਆ ਨਾਲ ਨਜਿੱਠਣ ਲਈ ਇਸ ਗਰੁੱਪ ਦੀ ਮੁਹਾਰਤ ਦੀ ਸ਼ਲਾਘਾ ਕੀਤੀ। ਉਨ੍ਹਾ ਕਿਹਾ ਕਿ ਮੌਜੂਦਾ ਮੁਹਿੰਮ ਨੇਬੁਲਾ ਗਰੁੱਪ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਜਾਵੇਗੀ ਅਤੇ ਨੇਬੁਲਾ ਓਜ਼ੋਨੇਸ਼ਨ ਤਕਨਾਲੋਜੀ ਨਾਲ ਮਿਲ ਕੇ ਕੈਂਸਰ ਦਾ ਕਾਰਨ ਬਣਨ ਵਾਲੀਆਂ ਅਸ਼ੁੱਧੀਆਂ ਨੂੰ ਨੈਨੋ ਪੱਧਰ 'ਤੇ ਜਾ ਕੇ ਸਾਫ਼ ਕੀਤਾ ਜਾਵੇਗਾ।ਮਾਨ ਨੇ ਕਿਹਾ ਕਿ ਇਸ ਦਾ ਉਦੇਸ਼ ਪਾਣੀ ਦਾ ਟੀ ਡੀ ਐਸ (ਟੋਟਲ ਡਿਸੋਲਵਡ ਸਾਲਿਡਜ਼) ਪੱਧਰ 100 ਤੋਂ ਥੱਲੇ ਲਿਆ ਕੇ ਇਸ ਨੂੰ ਪੀਣ ਯੋਗ ਬਣਾਉਣਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਨੇਬੁਲਾ ਓਜ਼ੋਨੇਸ਼ਨ ਕੋਲ ਅਜਿਹੀ ਨੈਨੋ ਲੈਵਲ ਤਕਨਾਲੋਜੀ ਹੈ, ਜਿਸ ਨੇ ਪਾਣੀ ਦੀਆਂ ਅਸ਼ੁੱਧੀਆਂ ਅਤੇ ਕੈਂਸਰ ਦਾ ਕਾਰਨ ਬਣਨ ਵਾਲੇ ਤੱਤਾਂ ਦੀ ਸਫ਼ਾਈ ਦੇ ਮਾਮਲੇ ਵਿੱਚ ਆਪਣੀ ਅਹਿਮੀਅਤ ਸਾਬਤ ਕੀਤੀ ਹੈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੇ ਜਾਣ ਵਾਲੇ ਤਿੰਨ ਪੜਾਵੀ ਪ੍ਰੋਗਰਾਮ ਦਾ ਉਦੇਸ਼ ਬੁੱਢੇ ਨਾਲੇ ਦੇ ਪਾਣੀ ਦੀ ਗੁਣਵੱਤਾ ਨੂੰ ਸੁਧਾਰਨਾ ਹੈ। ਮਾਨ ਨੇ ਕਿਹਾ ਕਿ ਇਸ ਗਰੁੱਪ ਦੀ ਟੀਮ ਨੇ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਦੇ ਅਧਿਕਾਰੀਆਂ ਤੇ ਹੋਰ ਸੰਬੰਧਤ ਧਿਰਾਂ ਨਾਲ ਮਿਲ ਕੇ ਬੁੱਢਾ ਨਾਲਾ ਦਾ ਦੌਰਾ ਵੀ ਕਰ ਲਿਆ ਹੈ।ਇਸ ਪ੍ਰਾਜੈਕਟ ਦੇ ਪਹਿਲੇ ਪੜਾਅ ਵਿੱਚ ਅਲਟਰਾਸੋਨਿਕ ਵਾਟਰ ਮੀਟਰਿੰਗ ਸਿਸਟਮ ਸਥਾਪਤ ਕਰਨ ਅਤੇ ਸੀਵਰੇਜ ਨੈਟਵਰਕ ਦੇ ਅਧਿਐਨ ਲਈ ਸਾਫਟਵੇਅਰ ਦੀ ਮਾਡਲਿੰਗ ਕਰਨਾ ਸ਼ਾਮਲ ਹੈ ਤਾਂ ਕਿ ਪੂਰੇ ਲੁਧਿਆਣਾ ਦੇ ਸੈਂਪਲਿੰਗ ਪੁਆਇੰਟ ਦੀ ਸ਼ਨਾਖ਼ਤ ਕੀਤੀ ਜਾ ਸਕੇ। ਇਸੇ ਤਰ੍ਹਾਂ ਇਸ ਪੜਾਅ ਵਿੱਚ ਲੁਧਿਆਣਾ ਦੀਆਂ ਰੰਗਾਈ ਇਕਾਈਆਂ ਲਈ ਵੱਖ-ਵੱਖ ਪ੍ਰੀ-ਟਰੀਟਮੈਂਟ ਪਲਾਟਾਂ ਦੀ ਸ਼ਨਾਖ਼ਤ ਅਤੇ ਸਥਾਪਨਾ ਉਤੇ ਧਿਆਨ ਦਿੱਤਾ ਜਾਵੇਗਾ। ਇਹ 200 ਯੂਨਿਟ ਪ੍ਰਤੀ ਦਿਨ 95 ਮਿਲੀਅਨ ਲੀਟਰ ਪਾਣੀ ਦੀ ਨਿਕਾਸੀ ਕਰਦੇ ਹਨ। ਇਸ ਕਦਮ ਨਾਲ ਪ੍ਰਦੂਸ਼ਣ ਦੀ ਰੋਕਥਾਮ ਵਿੱਚ ਸਹਾਇਤਾ ਮਿਲੇਗੀ।ਇਸੇ ਤਰ੍ਹਾਂ ਦੂਜੇ ਪੜਾਅ ਵਿੱਚ ਸਮੱਸਿਆ ਦਾ ਕਾਰਨ ਬਣੇ ਨਿਕਾਸੀ ਰਸਤਿਆਂ ਦੀ ਸ਼ਨਾਖਤ ਕਰਨ ਅਤੇ ਸੀਵਰੇਜ ਦਾ ਪੱਧਰ ਸੁਧਾਰਨ ਲਈ ਦੂਸ਼ਿਤ ਪਾਣੀ ਨੂੰ ਸੋਧਣ ਲਈ ਛੋਟੇ ਪੱਧਰ ਦੇ ਟਰੀਟਮੈਂਟ ਸਿਸਟਮ ਸਥਾਪਤ ਕਰਨ ਉਤੇ ਧਿਆਨ ਦਿੱਤਾ ਜਾਵੇਗਾ। ਤੀਜੇ ਪੜਾਅ ਵਿੱਚ ਬੁੱਢੇ ਨਾਲੇ ਦੀ ਲਾਈਨਿੰਗ ਦੀ ਰੂਪ-ਰੇਖਾ ਤਿਆਰ ਕਰਨ ਅਤੇ ਉਸ ਦੇ ਅਮਲ 'ਤੇ ਜ਼ੋਰ ਦਿੱਤਾ ਜਾਵੇਗਾ। ਤੀਜੇ ਪੜਾਅ ਦੇ ਅਮਲ, ਸਾਂਭ-ਸੰਭਾਲ ਅਤੇ ਕਾਰਜਸ਼ੀਲ ਰੱਖਣ ਅਤੇ ਪੂਰੇ ਲੁਧਿਆਣਾ ਵਿੱਚ ਸਥਾਪਤ ਕੀਤੇ ਟਰੀਟਮੈਂਟ ਸਿਸਟਮ ਨੂੰ ਚਾਲੂ ਰੱਖਣ ਲਈ ਨੇਬੁਲਾ ਗਰੁੱਪ ਅਤੇ ਸੂਬਾ ਸਰਕਾਰ ਇਕੱਠੇ ਕੰਮ ਕਰਨਗੇ।

# ਮਾਮਲਾ ਟਰਾਂਸਫਰ ਕਰਨ ਤੋਂ ਇਨਕਾਰ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸ਼ੁੱਕਰਵਾਰ 2015 ਦੇ 'ਨਕਦੀ ਬਦਲੇ ਵੋਟ' ਸੰਬੰਧੀ ਮਾਮਲੇ 'ਚ ਮੁਕੱਦਮੇ ਨੂੰ ਟਰਾਂਸਫਰ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਕੇਸ 'ਚ ਤਿਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈੱਡੀ ਅਤੇ ਹੋਰ ਸ਼ਾਮਲ ਹਨ। ਸੁਪਰੀਮ ਕੋਰਟ ਨੇ ਰੈੱਡੀ ਨੂੰ ਨਿਰਦੇਸ਼ ਦਿੱਤਾ ਕਿ ਉਹ ਕੇਸ 'ਚ ਇਸਤਗਾਸਾ ਦੇ ਕੰਮਕਾਜ 'ਚ ਕਿਸੇ ਵੀ ਤਰ੍ਹਾਂ ਨਾਲ ਦਖਲ ਨਾ ਦੇਣ।

ਜਸਟਿਸ ਬੀ ਆਰ ਗਵਈ ਅਤੇ ਕੇ ਵੀ ਵਿਸ਼ਵਨਾਥਨ ਦੀ ਬੈਂਚ ਨੇ ਨਿਰਦੇਸ਼ ਦਿੱਤਾ ਕਿ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ (ਏ ਸੀ ਬੀ) ਦੇ ਡਾਇਰੈਕਟਰ ਜਨਰਲ ਕੇਸ ਦੀ ਪੈਰਵੀ ਦੇ ਸੰਬੰਧ 'ਚ ਤਿਲੰਗਾਨਾ ਦੇ ਮੁੱਖ ਮੰਤਰੀ ਨੂੰ ਰਿਪੋਰਟ ਨਹੀਂ ਕਰਨਗੇ।

ਰੈੱਡੀ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਕੇਸ ਦੀ ਸੁਣਵਾਈ ਟਰਾਂਸਫਰ ਕਰਨ ਦੀ ਮੰਗ ਵਾਲੀ ਪਟੀਸ਼ਨ 'ਸਿਆਸੀ ਉਦੇਸ਼' ਨਾਲ ਦਾਇਰ ਕੀਤੀ ਗਈ ਸੀ। ਬੀ ਆਰ ਐਸ ਵਿਧਾਇਕ ਗੁਨਟਾਕੰਡਲਾ ਜਗਦੀਸ਼ ਰੈੱਡੀ ਅਤੇ ਤਿੰਨ ਹੋਰਾਂ ਵੱਲੋਂ ਦਾਇਰ ਪਟੀਸ਼ਨ ਵਿਚ ਕੇਸ ਦੀ ਸੁਣਵਾਈ ਤਿਲੰਗਾਨਾ ਤੋਂ ਭੋਪਾਲ ਤਬਦੀਲ ਕਰਨ ਦੀ ਮੰਗ ਕੀਤੀ ਗਈ ਸੀ। 31 ਮਈ 2015 ਨੂੰ ਰੇਵੰਤ ਰੈੱਡੀ, ਉਸ ਸਮੇਂ ਤੇਲਗੂ ਦੇਸਮ ਪਾਰਟੀ ਨਾਲ ਸੀ, ਨੂੰ ਏ ਸੀ ਬੀ ਨੇ ਵਿਧਾਨ ਪ੍ਰੀਸ਼ਦ ਚੋਣਾਂ 'ਚ ਤੇਲਗੂ ਦੇਸਮ ਦੇ ਉਮੀਦਵਾਰ ਨਰਿੰਦਰ ਰੈਡੀ ਦਾ ਸਮਰਥਨ ਕਰਨ ਲਈ ਨਾਮਜ਼ਦ ਵਿਧਾਇਕ ਐਲਵਿਸ ਸਟੀਫਨਸਨ ਨੂੰ ਕਥਿਤ ਤੌਰ 'ਤੇ 50 ਲੱਖ ਰੁਪਏ ਦੀ ਰਿਸ਼ਵਤ ਦਿੰਦੇ ਹੋਏ ਫੜ ਲਿਆ ਸੀ। ਰੇਵੰਤ ਰੈਡੀ ਤੋਂ ਇਲਾਵਾ ਏ ਸੀ ਬੀ ਨੇ ਕੁਝ ਹੋਰਾਂ ਨੂੰ ਵੀ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਸਾਰਿਆਂ ਨੂੰ ਬਾਅਦ ਵਿਚ ਜ਼ਮਾਨਤ ਮਿਲ ਗਈ ਸੀ।

CMYK

21-Sep-PAGE-4.qxd 9/20/2024 9:17 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 21 ਸਤੰਬਰ 2024

# ਦਾਗੀ ਉਮੀਦਵਾਰ

*ਜੰਮੂ-ਕਸ਼ਮੀਰ ਅਸੰਬਲੀ ਲਈ ਪਹਿਲੇ ਗੇੜ ਦੀ ਪੋਲਿੰਗ ਹੋ ਗਈ ਹੈ ਅਤੇ ਦੂਜੇ ਤੇ ਤੀਜੇ ਗੇੜ ਲਈ ਪ੍ਰਚਾਰ ਜ਼ੋਰਾਂ 'ਤੇ ਹੈ। ਇਸ ਚੋਣ ਅਮਲ ਦੌਰਾਨ ਹੀ ਚੋਣ ਸੁਧਾਰਾਂ ਲਈ ਸਰਗਰਮ ਜਥੇਬੰਦੀ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ ਡੀ ਆਰ) ਦੀ ਇਸ ਰਿਪੋਰਟ ਨੇ ਚੋਣਾਂ ਵਿੱਚ ਅਪਰਾਧੀਆਂ ਦੇ ਵਧਦੇ ਦਖਲ ਨੂੰ ਇੱਕ ਵਾਰ ਫਿਰ ਸਾਹਮਣੇ ਲਿਆਂਦਾ ਹੈ। ਰਿਪੋਰਟ ਕਹਿੰਦੀ ਹੈ ਕਿ ਦੂਜੇ ਗੇੜ ਦੇ 238 ਉਮੀਦਵਾਰਾਂ ਵਿੱਚੋਂ 49 ਅਜਿਹੇ ਹਨ, ਜਿਨ੍ਹਾਂ ਖਿਲਾਫ ਫੌਜਦਾਰੀ ਮੁਕੱਦਮੇ ਦਰਜ ਹਨ। ਇਨ੍ਹਾਂ ਵਿੱਚੋਂ 37 ਉਮੀਦਵਾਰਾਂ ਦੇ ਖਿਲਾਫ ਬੇਹੱਦ ਗੰਭੀਰ ਦੋਸ਼ ਹਨ। ਇਨ੍ਹਾਂ ਉਮੀਦਵਾਰਾਂ ਵੱਲੋਂ ਚੋਣ ਕਮਿਸ਼ਨ ਕੋਲ ਦਾਖਲ ਕਰਾਏ ਹਲਫਨਾਮਿਆਂ ਦਾ ਅਧਿਅਨ ਕਰਕੇ ਏ ਡੀ ਆਰ ਨੇ ਪਤਾ ਲਾਇਆ ਹੈ ਕਿ ਤਿੰਨ ਉਮੀਦਵਾਰਾਂ ਖਿਲਾਫ ਕਤਲ ਦੀ ਕੋਸ਼ਿਸ਼ ਅਤੇ ਸੱਤ ਉਮੀਦਵਾਰਾਂ ਖਿਲਾਫ ਮਹਿਲਾਵਾਂ ਨਾਲ ਜੁੜੇ ਅਪਰਾਧ ਦੇ ਕੇਸ ਦਰਜ ਹਨ। ਇਨ੍ਹਾਂ ਸੱਤ ਵਿੱਚੋਂ ਇੱਕ ਖਿਲਾਫ ਬਲਾਤਕਾਰ ਦਾ ਮੁਕੱਦਮਾ ਹੈ। ਪੀ ਡੀ ਪੀ ਦੇ 26 ਵਿੱਚੋਂ ਚਾਰ, ਭਾਜਪਾ ਦੇ 17 ਵਿੱਚੋਂ ਤਿੰਨ, ਕਾਂਗਰਸ ਦੇ 6 ਵਿੱਚੋਂ ਦੋ ਤੇ ਨੈਸ਼ਨਲ ਕਾਨਫਰੰਸ ਦੇ 20 ਵਿੱਚੋਂ ਇੱਕ ਉਮੀਦਵਾਰ ਨੇ ਆਪਣੇ ਹਲਫਨਾਮੇ ਵਿਚ ਫੌਜਦਾਰੀ ਮਾਮਲਿਆਂ ਦੀ ਜਾਣਕਾਰੀ ਦਿੱਤੀ ਹੈ। ਦੂਜੇ ਗੇੜ ਵਿੱਚ ਜਿਨ੍ਹਾਂ 26 ਸੀਟਾਂ ਲਈ ਵੋਟਾਂ ਪੈਣੀਆਂ ਹਨ, ਉਨ੍ਹਾਂ ਵਿੱਚ 8 (31 ਫੀਸਦੀ) ਸੀਟਾਂ ਰੈੱਡ ਅਲਰਟ ਵਾਲੀਆਂ ਹਨ, ਯਾਨੀ ਕਿ ਉਹ ਸੀਟਾਂ ਜਿੱਥੇ ਤਿੰਨ ਜਾਂ ਤਿੰਨ ਤੋਂ ਵੱਧ ਉਮੀਦਵਾਰਾਂ ਨੇ ਆਪਣੇ ਖਿਲਾਫ ਫੌਜਦਾਰੀ ਮਾਮਲਿਆਂ ਦੀ ਗੱਲ ਮੰਨੀ ਹੈ।*

*ਦਰਅਸਲ ਉਪਰੋਕਤ ਉਮੀਦਵਾਰਾਂ ਦੀ ਚੋਣ ਕਰਦਿਆਂ ਸਿਆਸੀ ਪਾਰਟੀਆਂ ਨੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਨੂੰ ਠੇਂਗਾ ਦਿਖਾਇਆ ਹੈ। ਉਨ੍ਹਾਂ ਫੌਜਦਾਰੀ ਮਾਮਲਿਆਂ ਨੂੰ ਨਜ਼ਰਅੰਦਾਜ਼ ਕਰਕੇ ਟਿਕਟਾਂ ਵੰਡੀਆਂ ਹਨ। ਸੁਪਰੀਮ ਕੋਰਟ ਨੇ 13 ਫਰਵਰੀ 2020 ਨੂੰ ਦਿਸ਼ਾ-ਨਿਰਦੇਸ਼ ਦਿੱਤੇ ਸਨ ਕਿ ਸਿਆਸੀ ਪਾਰਟੀਆਂ ਅਜਿਹੇ ਉਮੀਦਵਾਰਾਂ ਦੀ ਚੋਣ ਦਾ ਕਾਰਨ ਦੱਸਣ, ਜਿਨ੍ਹਾਂ ਖਿਲਾਫ ਮੁਕੱਦਮੇ ਦਰਜ ਹਨ। ਇਹ ਵੀ ਦੱਸਣ ਕਿ ਉਨ੍ਹਾਂ ਨੂੰ ਉਮੀਦਵਾਰ ਕਿਉਂ ਨਹੀਂ ਬਣਾਇਆ, ਜਿਨ੍ਹਾਂ ਖਿਲਾਫ ਕੇਸ ਨਹੀਂ ਹਨ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਉਮੀਦਵਾਰਾਂ ਦੀ ਚੋਣ ਦਾ ਆਧਾਰ ਯੋਗਤਾ, ਪ੍ਰਾਪਤੀਆਂ ਤੇ ਮੈਰਿਟ ਹੋਣਾ ਚਾਹੀਦਾ ਹੈ। ਉਪਰੋਕਤ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਸਿਆਸੀ ਪਾਰਟੀਆਂ ਚੋਣ ਪ੍ਰਣਾਲੀ ਵਿਚ ਸੁਧਾਰ ਲਈ ਬਿਲਕੁਲ ਤਿਆਰ ਨਹੀਂ ਹਨ ਅਤੇ ਸਾਡੀ ਜਮਹੂਰੀ ਵਿਵਸਥਾ ਨੂੰ ਵਾਰ-ਵਾਰ ਅਜਿਹੇ ਲੋਕਾਂ ਦੇ ਹੱਥਾਂ ਵਿੱਚੋਂ ਲੰਘਣਾ ਪੈਂਦਾ ਹੈ, ਜਿਹੜੇ ਕਾਨੂੰਨ ਤੋੜਨ ਵਾਲੇ ਹੁੰਦੇ ਹਨ ਤੇ ਬਾਅਦ ਵਿੱਚ ਇਹੀ ਲੋਕ ਕਾਨੂੰਨ ਬਣਾਉਣ ਵਾਲੇ ਬਣ ਜਾਂਦੇ ਹਨ। ਟਿਕਟ ਨਾ ਮਿਲਣ 'ਤੇ ਕਿਸੇ ਦਾ ਬਾਗੀ ਹੋ ਕੇ ਚੋਣ ਲੜਨਾ ਤਾਂ ਹਜ਼ਮ ਹੋ ਸਕਦਾ ਹੈ ਪਰ ਦਾਗੀਆਂ ਦਾ ਚੋਣ ਲੜਨਾ ਜਮਹੂਰੀਅਤ ਲਈ ਮਾਰੂ ਹੈ। ਅਜਿਹੇ ਉਮੀਦਵਾਰਾਂ ਦਾ ਇਲਾਜ ਹੁਣ ਲੋਕ ਹੀ ਕਰ ਸਕਦੇ ਹਨ, ਇਨ੍ਹਾਂ ਨੂੰ ਵੋਟਾਂ ਨਾ ਪਾ ਕੇ।*

# ਅਨੇਕਾਂ ਸਮੱਸਿਆਵਾਂ 'ਚ ਫਸੇ ਲੋਕ, ਮੁਢਲੀਆਂ ਲੋੜਾਂ ਤੋਂ ਵੀ ਹੋਏ ਵਾਂਝੇ

**ਹਰਬਿੰਦਰ ਸਿੰਘ ਰਾਣਾ**

ਉਂਝ ਮਨੁੱਖ ਨੂੰ ਕੁੱਲੀ, ਗੁੱਲੀ ਤੇ ਜੁੱਲੀ ਦੀ ਮੁੱਢਲੇ ਤੌਰ 'ਤੇ ਲੋੜ ਹੁੰਦੀ ਹੈ, ਪ੍ਰੰਤੂ ਜੇ ਉਹ ਵੀ ਲੋੜ ਪੂਰੀ ਨਾ ਹੁੰਦੀ ਹੋਵੇ, ਤਦ ਮਨੁੱਖ ਲਈ ਜ਼ਿੰਦਗੀ ਕੀ ਹੋਵੇਗੀ। ਜਿਸ ਦੇ ਬਾਰੇ ਸਹਿਜੇ ਹੀ ਇੱਕ ਆਮ ਜਿਹਾ ਬੰਦਾ ਵੀ ਅੰਦਾਜ਼ਾ ਲਾ ਸਕਦਾ ਹੈ।ਅੱਜ ਹਰ ਪਾਸੇ, ਹਰ ਖੇਤਰ ਵਿੱਚ ਹੀ ਹਾਹਾਕਾਰ ਮਚੀ ਹੋਈ ਹੈ।ਮਨੁੱਖ ਅਤਿਅੰਤ ਦੁਖਦਾਈ, ਪ੍ਰੇਸ਼ਾਨ ਤੇ ਹਾਲੋ-ਬੇਹਾਲ ਹੋਇਆ ਪਿਆ ਹੈ। ਉਕਤ ਤਿੰਨੋਂ ਲੋੜਾਂ ਵੀ ਨਹੀਂ ਪੂਰੀਆਂ ਹੋ ਰਹੀਆਂ ਹਨ। ਬੰਦੇ ਦਾ ਕੋਈ ਵੱਸ ਨਹੀਂ ਚੱਲ ਰਿਹਾ ਹੈ।

ਮਨੁੱਖਤਾ ਲਈ ਜ਼ਿੰਦਗੀ ਜਿਉਣ ਦੀਆਂ ਮੁੱਢਲੀਆਂ ਲੋੜਾਂ ਸਿਹਤ ਸਹੂਲਤਾਂ, ਸਿੱਖਿਆ, ਸ਼ੁੱਧ ਪਾਣੀ, ਸ਼ੁੱਧ ਹਵਾ, ਰਹਿਣ-ਸਹਿਣ ਵਾਸਤੇ ਅਨਕੂਲ ਚੌਗਿਰਦਾ ਅਤੇ ਸੁਰੱਖਿਆ ਭਰਿਆ ਮਾਹੌਲ ਕੁਝ ਵੀ ਨਹੀਂ ਮਿਲ ਰਿਹਾ ਹੈ। ਜੇ ਕਿੱਧਰੇ ਮਿਲੇ/ਮਿਲਦੇ ਹਨ ਤਾਂ ਸਿਰਫ਼ ਫੋਕੇ ਲਾਰੇ। ਇੱਥੇ ਸਮੇਂ-ਸਮੇਂ ਦੀਆਂ ਸਰਕਾਰਾਂ ਵੀ ਲੋਕਾਂ ਨੂੰ ਮਹਿਜ਼ ਸਬਜ਼ਬਾਗ ਵਿਖਾ ਕੇ ਡੰਗ ਟਪਾ ਗਈਆਂ/ਰਹੀਆਂ ਹਨ। ਲੋਕੀਂ ਤਾਂ ਹਰ ਵਾਰੀ ਠੱਗੇ ਗਏ ਹਨ। ਸੱਭਿਅਕ ਸਮਾਜ ਦੀ ਬੁਨਿਆਦ ਸਿੱਖਿਆ ਆਮ ਲੋਕਾਂ ਦੀ ਪਹੁੰਚ ਤੋਂ ਨਿਰੰਤਰ ਦੂਰ ਕਰ ਦਿੱਤੀ ਗਈ ਹੈ। ਮਹਾਤੜ ਵਿਅਕਤੀ ਲਈ ਮੁੱਢਲੀ ਸਿੱਖਿਆ ਲੈਣੀ ਵੀ ਸੁਪਨਾ ਹੁੰਦੀ ਜਾ ਰਹੀ ਹੈ।

ਸਿੱਖਿਆ ਦਾ ਨਿੱਜੀਕਰਨ, ਵਪਾਰੀਕਰਨ ਅਤੇ ਸਿਆਸੀਕਰਨ ਕਰ ਦਿੱਤੇ ਜਾਣ ਕਾਰਨ ਸਿੱਖਿਆ ਦੇ ਅਸਲ ਮੂਲ ਅਰਥ ਹੀ ਬਦਲ ਦਿੱਤੇ ਗਏ ਹਨ, ਜਿਸ ਕਾਰਨ ਸਾਡੀ ਅਜੋਕੀ ਨੌਜਵਾਨੀ ਸਿੱਖਿਆਹੀਣ ਤੇ ਦਿਸ਼ਾਹੀਣ ਰਹਿਣ ਕਰਕੇ ਵੀ ਭੈੜੀਆ ਆਦਤਾਂ ਦੀ ਆਦੀ, ਅਪਰਾਧਿਕ ਬਿਰਤੀ ਵਾਲੀ ਅਤੇ ਨਸ਼ਿਆਂ ਦੀ ਦਲਦਲ ਵਿੱਚ ਧੱਸਦੀ ਹੋਈ ਕੁਰਾਹੇ ਪੈ ਰਹੀ ਹੈ। ਅਸਲੀਅਤ ਇਹ ਹੈ ਕਿ ਅੱਜ ਗੁਰਬਤ ਭਰਿਆ ਜੀਵਨ ਬਤੀਤ ਕਰਨ ਲਈ ਬੇਵੱਸ/ਮਜਬੂਰ ਲੋਕ ਵੀ ਦੋ ਵਕਤ ਦੀ ਰੋਟੀ ਤੋਂ ਇਲਾਵਾ ਕੁਝ ਹੋਰ ਨਹੀਂ ਸੋਚ/ਸਮਝ ਪਾ ਰਹੇ ਹਨ। ਨਿੱਤ ਦਿਹਾੜੇ ਵਧਦੀ ਮਹਿੰਗਾਈ ਨਾਲ ਲੋਕਾਂ ਦਾ ਕਚੂੰਬਰ ਨਿਕਲਿਆ ਪਿਆ ਹੈ। ਖਾਣ ਲਈ ਦੋ ਵਕਤ ਦੀ ਰੋਟੀ ਪਹੁੰਚ ਤੋਂ ਬਾਹਰ ਹੋ ਰਹੀ ਹੈ। ਦੂਜੇ ਪਾਸੇ ਰੁਜ਼ਗਾਰ ਦੇ ਨਾਮਾਤਰ ਵਸੀਲੇ ਨੌਜਵਾਨਾਂ ਲਈ ਗਲੇ ਦੀ ਹੱਡੀ ਬਣੇ ਹੋਏ ਹਨ। ਜਿਹੜੇ ਸਾਡੀ ਹੁਨਰਮੰਦ ਨੌਜਵਾਨ ਪੀੜ੍ਹੀ ਨੂੰ ਮਜਬੂਰਨ ਆਪਣਾ ਦੇਸ਼ ਛੱਡ ਕੇ ਪ੍ਰਵਾਸ ਲੈਣ ਵਾਸਤੇ ਮਜਬੂਰ ਕਰ ਰਹੇ ਹਨ।

ਇੱਥੇ ਦੱਸਣਯੋਗ ਹੈ ਕਿ ਆਪਣਾ ਦੇਸ਼, ਘਰ-ਪਰਵਾਰ, ਸੱਭਿਆਚਾਰ ਅਤੇ ਵਿਰਸਾ ਛੱਡ ਕੇ ਕਿਸੇ ਦਾ ਦੇਸੋਂ-ਪ੍ਰਦੇਸ਼ ਜਾਣ ਨੂੰ ਜੀਅ ਨਹੀਂ ਕਰਦਾ। ਉਨ੍ਹਾਂ ਦੇ ਮਾਪੇ ਵੀ ਇਸ ਮਾਮਲੇ ਵਿੱਚ ਲਾਚਾਰ/ਬੇਵੱਸ ਹਨ। ਜਿਹੜੇ ਮਜਬੂਰਨ ਕਰਜ਼ੇ ਦੀ ਪੰਡ ਦਾ ਬੋਝ ਆਪਣੇ ਸਿਰ 'ਤੇ ਨਾ ਚਾਹੁੰਦਿਆਂ ਹੋਇਆਂ ਵੀ ਚੁੱਕਦੇ ਆਪਣੀ ਲਾਡਲੀ ਸੰਤਾਨ ਨੂੰ ਆਪਣੇ-ਆਪ ਨਾਲੋਂ ਵੱਖ ਕਰਦੇ ਹਨ। ਕਈ ਮਜਬੂਰੀਆਂ ਕਾਰਨ ਵੱਸ ਉਨ੍ਹਾਂ ਨੂੰ ਅਜਿਹਾ ਕਰਨਾ ਪੈਂਦਾ ਹੈ। ਜੇ ਅਜੋਕੇ ਸਮੇਂ ਦੌਰਾਨ ਕਾਨੂੰਨੀ ਵਿਵਸਥਾ ਦੀ ਗੱਲ ਕਰੀਏ ਤਾਂ ਇਸ ਬਾਬਤ ਆਖਣ, ਸੁਣਨ ਨੂੰ ਬਚਿਆ ਵੀ ਕੁਝ ਨਹੀਂ ਹੈ। ਸਭ ਚਿੱਟੇ ਦਿਨਾਂ ਦੀ ਤਰ੍ਹਾਂ ਸਾਫ-ਸਾਫ ਹੈ। ਆਏ ਦਿਨ ਸ਼ਰੇਆਮ ਹੁੰਦੀ ਕਤਲੇਆਮ, ਲੁੱਟ-ਖੋਹ, ਡਕੈਤੀਆਂ, ਗੁੰਡਾਗਰਦੀ ਦਾ ਨਿੱਤ ਦਿਨ ਹੁੰਦਾ ਨੰਗਾ ਨਾਚ, ਨਿਰਵਿਘਨ ਹੁੰਦੀਆਂ ਚੋਰੀ ਦੀਆਂ ਵਾਰਦਾਤਾਂ ਨੂੰ ਠੱਲ੍ਹ ਪੈਣ ਦੀ ਥਾਂ ਇਨ੍ਹਾਂ 'ਚ ਹੁੰਦੇ ਚੋਖੇ ਵਾਧੇ ਕਾਰਨ ਲੋਕ ਭੈਅ-ਭੀਤ ਹਨ। ਭਾਵ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਦੇ ਨਾਲ-ਨਾਲ ਸਹਿਮ ਦੇ ਛਾਏ ਹੇਠ ਜ਼ਿੰਦਗੀ ਜਿਉਣ ਵਾਸਤੇ ਮਜਬੂਰ ਹਨ। ਉਕਤ ਵਾਰਦਾਤਾਂ/ਘਟਨਾਕ੍ਰਮ ਨੂੰ ਠੱਲ੍ਹ ਨਾ ਪੈਣਾ ਸੱਭਿਅਕ ਲੋਕਾਂ ਲਈ ਭਾਰੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਮੌਕੇ ਮਹਿੰਗਾਈ ਦੇ ਵਧਣ ਨਾਲ ਸਿਹਤ ਸੇਵਾਵਾਂ ਵੀ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਇਲਾਜ ਕਰਵਾਉਣਾ ਇੰਨਾ ਮਹਿੰਗਾ ਹੋਇਆ ਹੈ ਕਿ ਆਮ ਵਰਗ ਦੀ ਤਾਂ ਗੱਲ ਹੀ ਛੱਡੋ, ਕੁਝ ਇਕ ਖਾਸ ਵਰਗ ਦੇ ਲੋਕਾਂ ਦੀ ਵੀ ਪਹੁੰਚੋਂ ਬਾਹਰ ਹੋ ਗਿਆ ਹੈ। ਕਾਬਲੇਗੌਰ ਹੈ ਕਿ ਗਰੀਬ ਮਨੁੱਖ ਬਿਮਾਰੀ ਨਾਲ ਘੱਟ, ਪਰ ਸਹੀ ਵਕਤ ਇਲਾਜ ਨਾ ਹੋਣ/ਮਿਲਣ ਕਾਰਨ ਵੱਧ ਮਰਦੇ ਹਨ। ਦੂਜੇ ਪਾਸੇ ਮਿਲਾਵਟੀ ਖਾਧ ਪਦਾਰਥਾਂ, ਗੰਧਲੇ ਹੋਏ/ਕੀਤੇ ਗਏ ਪਾਣੀ ਅਤੇ ਦੂਸ਼ਿਤ ਵਾਤਾਵਰਣ ਦੇ ਕਾਰਨ ਲੋਕ ਖ਼ਤਰਨਾਕ ਬਿਮਾਰੀਆਂ ਦਾ ਨਿਰੰਤਰ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਭਿਆਨਕ ਤੇ ਜਾਨਲੇਵਾ ਬਿਮਾਰੀਆਂ ਤੋਂ ਪੀੜਤ ਵਿਅਕਤੀ ਵਾਸਤੇ ਇਲਾਜ ਕਰਾਉਣਾ ਵੱਸ ਦਾ ਨਾ ਹੋਣ ਕਰਕੇ ਉਹ ਅਣਆਈ ਮੌਤ ਹੀ ਮਰ ਰਿਹਾ ਹੈ। ਅਸਲੀਅਤ ਹੈ ਕਿ ਮਹਾਤੜ ਬੰਦੇ ਲਈ ਵਿਗੜਿਆ ਬੁਖਾਰ ਠੀਕ ਤੱਕ ਕਰਨਾ ਪਹੁੰਚੋਂ ਬਾਹਰ ਹੈ। ਸਿਹਤ ਸੇਵਾਵਾਂ ਦੇ ਖੇਤਰ ਵਿੱਚ ਮਹਿਜ਼ ਮਾਰੀਆਂ ਜਾ ਰਹੀਆਂ ਫੋਕੀਆਂ ਡੀਂਗਾਂ/ਟਾਹਰਾਂ ਦਾ ਕੀ ਐ, ਪਰ ਧਰਾਤਲ ਦਾ ਸੱਚ/ਅਸਲੀਅਤ ਤਾਂ ਕੁਝ ਹੋਰ ਹੀ ਹੈ। ਜਿਸ ਬਾਰੇ ਸਭ ਭਲੀਭਾਂਤ ਜਾਣਦੇ ਹੋਏ ਵੀ ਅਣਜਾਣ ਬਣੇ ਹਨ। ਪਾਣੀ ਸਾਡੇ ਪੀਣਯੋਗ ਨਹੀਂ ਰਹੇ ਹਨ। ਪਾਣੀ ਦਿਨ ਪ੍ਰਤੀ ਦਿਨ ਹੋਰ ਗੰਧਲੇ ਅਤੇ ਜਾਨਲੇਵਾ ਭਿਆਨਕ ਬਿਮਾਰੀਆਂ ਦਾ ਰੂਪ ਧਾਰਨ ਕਰ ਰਹੇ ਹਨ। ਕੈਂਸਰ ਵਰਗੇ ਲਾਇਲਾਜ ਰੋਗਾਂ ਤੋਂ ਅਣਗਿਣਤ ਪੀੜਤ ਲੋਕ ਹਾਲ ਦੁਹਾਈ ਪਾਉਂਦੇ ਹਨ, ਪਰ ਕੋਈ ਸੁਣਨ ਵਾਲਾ ਨਹੀਂ। ਪਾਣੀ ਦੀ ਹੁੰਦੀ ਦੁਰਵਰਤੋਂ ਦੀ ਰੋਕਥਾਮ ਨਿਸ਼ਚਿਤ ਨਾ ਹੋਣ ਕਰਕੇ ਲੋਕ ਪੀਣ ਵਾਲੇ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਹਨ। ਕਈ ਥਾਵਾਂ 'ਤੇ ਪੀਣਯੋਗ ਪਾਣੀ ਦੀ ਬੂੰਦ-ਬੂੰਦ ਲਈ ਤਰਸ ਗਏ ਹਨ। ਪਿੰਡਾਂ, ਕਸਬਿਆਂ, ਨਗਰਾਂ ਅਤੇ ਸ਼ਹਿਰਾਂ ਵਿੱਚ ਗੰਦੇ ਪਾਣੀ ਦੀ ਯੋਗ ਨਿਕਾਸੀ ਨਾ ਹੋਣ ਕਾਰਨ ਵੀ ਲੋਕ ਡਾਹਢੇ ਤੰਗ ਤੇ ਪ੍ਰੇਸ਼ਾਨ ਹਨ। ਲੱਗਭਗ ਬਹੁਤੇ ਸ਼ਹਿਰਾਂ ਅੰਦਰ ਜ਼ਿਆਦਾਤਰ ਸੀਵਰੇਜ ਖਰਾਬ ਹਨ ਜਾਂ ਫਿਰ ਬੰਦ ਪਏ ਹਨ। ਜਿਹੜੇ ਬਰਸਾਤਾਂ ਦੇ ਮੌਸਮ ਦੌਰਾਨ ਵਸਨੀਕਾਂ ਵਾਸਤੇ ਭਾਰੀ ਸਿਰਦਰਦੀ ਬਣਦੇ ਹਨ। ਸਰਕਾਰ ਦੀਆਂ ਹਦਾਇਤਾਂ /ਨਿਯਮਾਂ ਦੇ ਉਲਟ ਬਣੀਆਂ ਅਣਅਧਿਕਾਰਤ/ਗੈਰ-ਸੰਵਿਧਾਨਕ ਤਰੀਕੇ ਨਾਲ ਕਾਲੋਨੀਆਂ ਦੇ ਵਾਸੀਆਂ ਨੂੰ ਅਜੋਕੇ ਸਮੇਂ ਸਭ ਨਾਲੋਂ ਵੱਧ ਉਕਤ ਮੁਸ਼ਕਲਾਂ ਨਾਲ ਜੂਝਣਾ ਪੈ ਰਿਹਾ ਹੈ। ਪਿਛਲੇ ਸਮਿਆਂ ਤੋਂ ਬੇਰੁਜ਼ਗਾਰ ਨੌਜਵਾਨਾਂ ਨੂੰ ਸਮੇਂ ਸਿਰ ਰੁਜ਼ਗਾਰ ਮੁਹੱਈਆ ਨਾ ਕਰਵਾਏ ਜਾਣ ਕਾਰਨ ਉਨ੍ਹਾਂ ਦੀ ਗਿਣਤੀ ਘਟਣ ਦੀ ਬਜਾਏ ਵਧੀ ਹੈ। ਨਾਲੇ ਨੌਜਵਾਨੀ ਦਾ ਵਿਦੇਸ਼ਾਂ ਵੱਲ ਜਾਣ ਰੁਝਾਨ 'ਚ ਕਾਫੀ ਵਾਧਾ ਹੋਇਆ ਹੈ। ਅਰਥਾਤ ਅੱਜ ਕਿਸੇ ਵੀ ਨੌਜਵਾਨ ਨੂੰ ਪੁੱਛੋ ਕਿ ਤੂੰ ਕੀ ਕਰਦਾ ਹੈਂ, ਤਾਂ ਝੱਟ ਇੱਕੋ ਜਵਾਬ ਮਿਲੇਗਾ ਕਿ ਮੈਂ ਆਈਲੈਟਸ ਕਰ ਰਿਹਾ ਹਾਂ। ਭਾਵੇਂ ਕਿ ਉਹਨੂੰ ਪਤਾ ਵੀ ਨਹੀਂ ਹੈ ਕਿ ਆਈਲੈਟਸ ਕੋਈ ਡਿਪਲੋਮਾ ਹੈ ਜਾਂ ਡਿਗਰੀ। ਬਸ ਆਈਲੈਟਸ ਕਰਕੇ ਬਾਹਰ ਜਾਣਾ ਹੈ। ਆਲਮ ਇਹ ਬਣਿਆ ਪਿਆ ਹੈ ਕਿ ਅੱਜ ਸਰਕਾਰਾਂ ਦੀ ਬੇਰੁਖੀ ਤੇ ਹੁਨਰਮੰਦ ਨੌਜਵਾਨਾਂ ਦੀ ਲਿਆਕਤ/ਸਿੱਖਿਆ ਦਾ ਯੋਗ ਮੁੱਲ ਨਾ ਪਾਉਣ ਕਾਰਨ ਅੱਜ ਸਾਡੇ ਸੂਬੇ, ਦੇਸ਼ ਤੇ ਕੌਮ ਦਾ ਭਵਿੱਖ ਨੌਜਵਾਨ ਹੀ ਇੱਥੇ ਰਹਿਣ ਨੂੰ ਤਿਆਰ ਨਹੀਂ ਹੈ। ਹੁਣ ਅੱਗੇ ਨਿਕਟਭਵਿੱਖ ਦਾ ਹਾਲ ਕੀ ਹੋਵੇਗਾ। ਸਹਿਜੇ ਹੀ ਅੰਦਾਜ਼ਾ/ਅਨੁਮਾਨ ਲਾਇਆ ਜਾ ਸਕਦਾ ਹੈ। ਭਾਵੇਂ ਕਿ ਉਕਤ ਬਹੁ-ਗਿਣਤੀ ਮਸਲਿਆਂ ਦੇ ਹੱਲ ਕਰਨ ਸੰਬੰਧੀ ਰਾਜ ਸਰਕਾਰ ਯਤਨਸ਼ੀਲ ਹੋਣ ਦੇ ਦਾਅਵੇ ਠੋਕਦੀ ਨਹੀਂ ਥੱਕਦੀ ਹੈ, ਪ੍ਰੰਤੂ ਸਰਕਾਰ ਵੱਲੋਂ ਕੀਤੇ ਜਾਂਦੇ/ਜਾ ਰਹੇ ਸੁਹਿਰਦ ਯਤਨਾਂ ਨੂੰ ਬੂਰ ਵੀ ਤਾਂ ਨਹੀਂ ਪੈ ਰਿਹਾ ਹੈ, ਸਗੋਂ ਹਾਲਾਤ ਬਦ ਨਾਲੋਂ ਬਦਤਰ ਹੁੰਦੇ ਜਾ ਰਹੇ ਹਨ। ਲੋਕਾਂ ਵਿੱਚ ਅਸੁਰੱਖਿਅਤ ਦੀ ਭਾਵਨਾ ਵਧਦੀ ਜਾਂਦੀ ਹੈ। ਸਰਕਾਰ ਨੂੰ ਵਿਗੜੇ ਹਾਲਾਤ ਨੂੰ ਫੌਰੀ ਠੱਲ੍ਹ ਪਾਉਣੀ ਪਵੇਗੀ, ਤਾਂ ਜੋ ਲੋਕਾਂ ਦਾ ਭਰੋਸਾ ਕਾਇਮ ਰੱਖਿਆ ਜਾ ਸਕੇ।

ਉਪਰੋਕਤ ਮਸਲਿਆਂ ਤੋਂ ਇਲਾਵਾ ਵੀ ਕਈ ਹੋਰ ਮਾਮਲਿਆਂ ਦੇ ਸਥਾਈ ਹੱਲ ਨਾ ਕੱਢੇ ਜਾਣ ਕਾਰਨ ਵੀ ਲੋਕਾਂ 'ਚ ਸਰਕਾਰ ਪ੍ਰਤੀ ਭਾਰੀ ਰੋਸ ਵੇਖਣ ਨੂੰ ਮਿਲਦਾ ਹੈ, ਪਰ ਹਾਲੇ ਤੀਕ ਉੱਜਵਲ ਭਵਿੱਖ ਲਈ ਆਸ ਲਾਈ ਬੈਠੇ, ਪੀੜਤ ਲੋਕ ਇਨਸਾਫ ਦੀ ਉਡੀਕ ਵਿੱਚ ਹਨ। ਨਿਕਟ ਭਵਿੱਖ 'ਚ ਇਨ੍ਹਾਂ ਨੂੰ ਇਨਸਾਫ ਮਿਲ ਸਕੇਗਾ ਵੀ ਕਿ ਨਹੀਂ, ਭਾਵੇਂ ਸਮੇਂ ਦੇ ਗਰਭ ਵਿਚ ਛੁਪਿਆ ਪਿਆ ਹੈ। ਬਸ ਇੱਕ ਉਮੀਦ ਜ਼ਿੰਦਾ ਹੈ।

**# ਸੰਪਰਕ : 98881- 45991**

# ਪਰਵਾਰ ਤੋਂ ਹੀ ਬੱਚਿਆਂ ਨੂੰ ਨਰੋਈ ਜੀਵਨ-ਜਾਚ ਦਾ ਸਬਕ ਮਿਲਦਾ

**ਗੁਰਬਿੰਦਰ ਸਿੰਘ ਮਾਣਕ**

ਬਦਲ ਰਹੀਆਂ ਪ੍ਰਸਥਿਤੀਆਂ ਦੇ ਸਿੱਟੇ ਵਜੋਂ ਜੀਵਨ ਦੇ ਹਰ ਖੇਤਰ ਵਿਚ ਵੱਡੀਆਂ ਤਬਦੀਲੀਆਂ ਦਾ ਦੌਰ ਨਿਰੰਤਰ ਜਾਰੀ ਹੈ। ਸਾਂਝੇ ਪਰਵਾਰ ਤਾਂ ਹੁਣ ਬੀਤੇ ਸਮਿਆਂ ਦੀ ਗੱਲ ਹੋ ਗਈ ਹੈ। ਪੱਛਮੀ ਸਭਿਅਤਾ ਦੇ ਪ੍ਰਭਾਵ ਕਾਰਨ ਇਕਹਿਰੇ ਪਰਵਾਰ ਹੋਂਦ ਵਿਚ ਆ ਚੁੱਕੇ ਹਨ। ਰਿਸ਼ਤਿਆਂ ਦੀ ਜਿਹੜੀ ਭਾਵਨਾਤਮਿਕ ਸਾਂਝ, ਅਪਣੱਤ ਤੇ ਸਦਭਾਵਨਾ ਸਾਂਝੇ ਪਰਵਾਰਾਂ ਵਿਚ ਹੋਇਆ ਕਰਦੀ ਸੀ, ਉਹ ਇਕਹਿਰੇ ਪਰਵਾਰਾਂ ਵਿਚੋਂ ਗਾਇਬ ਹੋ ਗਈ ਹੈ। ਵਿਅਕਤੀਗਤ ਆਜ਼ਾਦੀ ਦੀ ਭਾਵਨਾ ਤੇ ਜੀਵਨ ਦੇ ਨਵੇਂ ਵਰਤੋਂ-ਵਿਹਾਰ ਕਾਰਨ ਅਜੋਕਾ ਮਨੁੱਖ ਵੱਡੇ ਪਰਵਾਰ ਵਿਚ ਬੱਝ ਕੇ ਜਿਉਣ ਤੋਂ ਉਕਤਾ ਗਿਆ ਹੈ। ਵੱਡੇ ਸ਼ਹਿਰਾਂ ਵਿਚ ਤਾਂ ਇਕ ਘਰ ਦੇ ਜੀਅ ਹੀ ਆਪਣੀ-ਆਪਣੀ ਡਫਲੀ ਤੇ ਆਪਣਾ-ਆਪਣਾ ਰਾਗ ਅਲਾਪਦੇ ਹਨ।

ਅਕਸਰ ਹੀ ਪਰਵਾਰਕ ਜੀਵਨ ਵਿਚ ਮਾੜੀਆਂ-ਚੰਗੀਆਂ ਘਟਨਾਵਾਂ ਵਾਪਰਨੀਆਂ ਸੁਭਾਵਿਕ ਵਰਤਾਰਾ ਹੈ। ਬੱਚੇ ਬਹੁਤੀਆਂ ਗੱਲਾਂ ਆਪਣੇ ਪਰਵਾਰ ਦੇ ਜੀਆਂ ਕੋਲੋਂ ਤੇ ਆਲੇ-ਦੁਆਲੇ ਤੋਂ ਸਿਖਦੇ ਹਨ। ਪਰਵਾਰ ਬੱਚੇ ਦਾ ਮੁੱਢਲਾ ਸਕੂਲ ਹੈ। ਮਾਂ-ਬਾਪ ਦਾ ਸੁਭਾਅ, ਆਦਤਾਂ ਤੇ ਜ਼ਿੰਦਗੀ ਪ੍ਰਤੀ ਨਜ਼ਰੀਆ ਤੇ ਅਨੇਕਾਂ ਹੋਰ ਗੱਲਾਂ ਬੱਚਾ ਮਾਪਿਆਂ ਤੋਂ ਹੀ ਗ੍ਰਹਿਣ ਕਰਦਾ ਹੈ। ਜੇਕਰ ਮਾਂ-ਬਾਪ ਦੀ ਜੀਵਨ-ਜਾਚ ਕਿਸੇ ਅਨੁਸ਼ਾਸਨ ਵਿਚ ਬੱਝੀ ਹੋਈ ਨਾ ਹੋਵੇ ਤਾਂ ਬੱਚਿਆਂ ਨੂੰ ਕਿਸੇ ਤਰ੍ਹਾਂ ਦਾ ਅਨੁਸ਼ਾਸਨ ਸਿਖਾ ਸਕਣਾ ਬਹੁਤ ਹੀ ਮੁਸ਼ਕਿਲ ਕਾਰਜ ਹੈ। ਸੱਚਾਈ, ਇਮਾਨਦਾਰੀ, ਮਿਹਨਤ, ਮਿਲਵਰਤਣ, ਸਹਿਣਸ਼ੀਲਤਾ, ਸੇਵਾ-ਭਾਵਨਾ ਤੇ ਅਨੇਕਾਂ ਹੋਰ ਗੁਣ ਪਰਵਾਰਕ ਮਾਹੌਲ ਵਿਚੋਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਅਜਿਹੇ ਗੁਣ ਹੀ ਕਿਸੇ ਬੱਚੇ ਦੀ ਜ਼ਿੰਦਗੀ ਵਿਚ ਪ੍ਰਵਾਨ ਚੜ੍ਹਨ ਤੋਂ ਬਾਅਦ, ਉਸ ਦੀ ਸ਼ਖ਼ਸੀਅਤ ਦਾ ਮੂਲ ਆਧਾਰ ਬਣਦੇ ਹਨ। ਜੇਕਰ ਪਰਵਾਰ ਦੇ ਜੀਅ ਹਰ ਸਮੇਂ ਝੂਠ, ਬੇਈਮਾਨੀ, ਲਾਲਚ, ਨਫਰਤ ਤੇ ਸਵਾਰਥੀ ਭਾਵਨਾ ਨਾਲ ਪਰਵਾਰਕ ਮਾਹੌਲ ਨੂੰ ਗੰਧਲਾ ਕਰੀ ਰੱਖਦੇ ਹਨ ਤਾਂ ਉੱਥੇ ਬੱਚਿਆਂ ਤੋਂ ਕਿਸੇ ਚੰਗੇ ਦੀ ਆਸ ਕਰਨੀ ਮਹਿਜ਼ ਇਕ ਭਰਮ ਹੈ।

ਬੱਚਾ ਸਮਾਜ ਵਿਚ ਵਿਚਰਦਿਆਂ ਆਪਣੇ ਹਾਣੀਆਂ ਤੇ ਹੋਰ ਲੋਕਾਂ ਦੇ ਸੰਪਰਕ ਵਿਚ ਆਉਣ ਨਾਲ ਚੰਗਾ-ਮਾੜਾ ਬਹੁਤ ਕੁਝ ਸਿੱਖਦਾ ਹੈ। ਇਸ ਸਮੇਂ ਵੀ ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਉਹ ਬੱਚਿਆਂ ਨੂੰ ਯੋਗ ਅਗਵਾਈ ਦੇਣ ਤਾਂ ਕਿ ਉਹ ਨਿਰਾਰਥਕ ਤੇ ਗੈਰ-ਸਦਾਚਾਰਕ ਗੱਲਾਂ ਤੋਂ ਬਚੇ ਰਹਿ ਸਕਣ। ਹੱਕ, ਸੱਚ, ਇਮਾਨਦਾਰੀ, ਨੈਤਿਕਤਾ ਤੇ ਜ਼ਿੰਦਗੀ ਦੀਆਂ ਸਾਰਥਿਕ ਕਦਰਾਂ-ਕੀਮਤਾਂ ਨੂੰ ਅਪਨਾਉਣ ਦੀ ਸਿੱਖਿਆ ਬੱਚੇ ਦੇ ਮਨ-ਮਸਤਕ ਵਿਚ ਪਾਉਣ ਲਈ ਭਾਵੇਂ ਪ੍ਰੇਰਨਾ ਦੀ ਵੀ ਵੱਡੀ ਭੂਮਿਕਾ ਹੈ, ਪਰ ਸਭ ਤੋਂ ਪ੍ਰਭਾਵਸ਼ਾਲੀ ਅਸਰ ਤਾਂ ਹੀ ਪੈਣਾ ਹੈ, ਜੇਕਰ ਮਾਪੇ ਜਾਂ ਘਰ ਦੇ ਜੀਅ ਬੱਚੇ ਲਈ ਖੁਦ 'ਮਾਡਲ' ਬਣਨ। ਛੋਟੇ ਬੱਚੇ ਤਾਂ ਬਹੁਤ ਕੁਝ ਨਕਲ ਦੁਆਰਾ ਹੀ ਸਿੱਖਦੇ ਹਨ। ਜੇ ਪਰਵਾਰ ਵਿਚ ਅਸ਼ਲੀਲ, ਖ੍ਰਵੀ ਤੇ ਗੁਸੈਲ ਭਾਸ਼ਾ ਦੀ ਵਰਤੋਂ ਹੋਵੇਗੀ ਤਾਂ ਸੁਭਾਵਿਕ ਹੈ ਕਿ ਬੱਚਾ ਵੀ ਉਹੀ ਸਿੱਖੇਗਾ। ਅਜਿਹੇ ਪ੍ਰਭਾਵ ਕਈ ਵਾਰ ਉਮਰ ਭਰ ਵਿਅਕਤੀ ਦੀ ਜ਼ਿੰਦਗੀ ਦਾ ਹਿੱਸਾ ਬਣੇ ਰਹਿੰਦੇ ਹਨ। ਅਜਿਹੇ ਬੱਚੇ ਆਪ-ਹੁਦਰੇ, ਅਨੁਸ਼ਾਸਨਹੀਣ ਤੇ ਅੜੀਅਲ ਸੁਭਾਅ ਦੇ ਬਣ ਜਾਂਦੇ ਹਨ।

ਜੇਕਰ ਬਾਪ ਜਾਂ ਘਰ ਦਾ ਕੋਈ ਹੋਰ ਜੀਅ ਬੱਚਿਆਂ ਦੇ ਸਾਹਮਣੇ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦੀ ਵਰਤੋਂ ਕਰਦਾ ਹੈ ਤਾਂ ਬੱਚਿਆਂ ਉੱਤੇ ਇਸ ਦਾ ਦੁਰ-ਪ੍ਰਭਾਵ ਪੈਣਾ ਲਾਜ਼ਮੀ ਹੈ। ਨਿੱਤ ਦਾ ਸ਼ਰਾਬੀ ਬਾਪ ਆਪਣੇ ਪੁੱਤਰ ਨੂੰ ਕਿਹੜੇ ਮੂੰਹ ਨਾਲ ਕਹੇਗਾ ਕਿ ਤੂੰ ਸ਼ਰਾਬ ਨਾ ਪੀ ਜਾਂ ਕੋਈ ਹੋਰ ਨਸ਼ਾ ਨਾ ਕਰ। ਘਰ ਵਿਚ ਨਿੱਤ ਦਿਨ ਦਾ ਕਲੇਸ਼, ਮਾਰ-ਕੁਟਾਈ ਤੇ ਗਾਲ੍ਹਾਂ ਬੱਚੇ ਦੀ ਮਾਨਸਿਕਤਾ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ ਤੇ ਉਹ ਗਲਤ ਦਿਸ਼ਾ ਅਖਤਿਆਰ ਕਰ ਲੈਂਦਾ ਹੈ। ਅਜੋਕੇ ਸਮੇਂ ਦਾ ਮਾਹੌਲ ਇਸ ਕਦਰ ਗੰਧਲਾ ਹੋ ਚੁੱਕਾ ਹੈ ਕਿ ਸਕੂਲ-ਕਾਲਜ ਜਾਂਦੇ ਬੱਚਿਆਂ ਦੇ ਥਿੜਕਣ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ। ਇਸ ਸਥਿਤੀ ਵਿਚ ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ 'ਤੇ ਲਗਾਤਾਰ ਨਜ਼ਰ ਰੱਖਣ। ਹਰ ਰੋਜ਼ ਕੁਝ ਸਮਾਂ ਬੱਚਿਆਂ ਨਾਲ ਬੈਠ ਕੇ ਗੱਲਬਾਤ ਕਰਨੀ ਬਹੁਤ ਜ਼ਰੂਰੀ ਹੈ।

ਹਰ ਸਮੇਂ ਬੱਚਿਆਂ ਨੂੰ ਟੋਕਣ ਨਾਲੋਂ ਉਨ੍ਹਾਂ ਦੀ ਪੜ੍ਹਾਈ, ਕਾਰਗੁਜ਼ਾਰੀ ਤੇ ਸਮੱਸਿਆਵਾਂ ਬਾਰੇ ਸੁਖਾਵੇਂ ਮਾਹੌਲ ਵਿਚ ਚਰਚਾ ਕਰਨੀ ਬਹੁਤ ਲਾਹੇਵੰਦ ਸਾਬਤ ਹੋ ਸਕਦੀ ਹੈ। ਇਸ ਤਰ੍ਹਾਂ ਬੱਚੇ ਦੀਆਂ ਆਦਤਾਂ ਤੇ ਸੁਭਾਅ ਵਿਚ ਆਈ ਕਿਸੇ ਤਬਦੀਲੀ ਨੂੰ ਵੀ ਨੋਟ ਕੀਤਾ ਜਾ ਸਕਦਾ ਹੈ। ਜੇ ਬੱਚਿਆਂ ਨੂੰ ਵਿਸ਼ਵਾਸ ਵਿਚ ਲੈ ਕੇ ਗੱਲਬਾਤ ਕੀਤੀ ਜਾਵੇ ਤਾਂ ਪਰਵਾਰਕ ਮਾਹੌਲ ਵਿਚ ਪਿਆਰ, ਸਾਂਝ ਤੇ ਅਪਣੱਤ ਪੈਦਾ ਹੁੰਦੀ ਹੈ। ਕਈ ਵਾਰ ਬੱਚਾ ਦੋਸਤਾਂ ਸੰਗ ਵਿਚਰਦਿਆਂ ਕਿਸੇ ਸੰਕਟ ਵਿਚ ਫਸ ਜਾਂਦਾ ਹੈ। ਜੇਕਰ ਘਰ ਦਾ ਮਾਹੌਲ ਸੰਕੀਰਨ ਹੋਵੇ ਤਾਂ ਬੱਚਾ ਡਰ ਕਾਰਨ ਮਾਪਿਆਂ ਨੂੰ ਕੁਝ ਨਹੀਂ ਦੱਸਦਾ, ਪਰ ਜੇ ਮਹੌਲ ਸੁਖਾਵਾਂ ਹੋਵੇ ਤਾਂ ਬੱਚਾ ਸਾਰੀ ਗੱਲ ਮਾਪਿਆਂ ਨੂੰ ਦੱਸ ਦਿੰਦਾ ਹੈ। ਇਸ ਤਰ੍ਹਾਂ ਬੱਚੇ ਨੂੰ ਕਿਸੇ ਉਲਝਣ ਤੋਂ ਬਚਾਇਆ ਜਾ ਸਕਦਾ ਹੈ। ਮਾਪਿਆਂ ਨੂੰ ਸੁਚੇਤ ਰੂਪ ਵਿਚ ਘਰ ਦੇ ਵਾਤਾਵਰਣ ਨੂੰ ਸਾਜ਼ਗਾਰ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ। ਵਿਸ਼ੇਸ਼ ਤੌਰ 'ਤੇ ਬੱਚਿਆਂ ਨਾਲ ਪੇਸ਼ ਆਉਣ ਸਮੇਂ ਸੂਝ-ਬੂਝ ਤੇ ਠਰ੍ਹੰਮੇ ਦਾ ਪ੍ਰਗਟਾਵਾ ਕਰਨਾ ਬਹੁਤ ਜ਼ਰੂਰੀ ਹੈ।

ਕਿਸੇ ਵੀ ਪਰਵਾਰ ਦਾ ਅਨੁਸ਼ਾਸਨਮਈ, ਆਸ਼ਾਵਾਦੀ, ਸਨੇਹਪੂਰਨ ਤੇ ਸੂਝ ਭਰਿਆ ਮਾਹੌਲ, ਬੱਚਿਆਂ ਦੇ ਮਨ ਵਿਚ ਸਾਰਥਿਕ ਰੁਚੀਆਂ, ਆਦਤਾਂ ਤੇ ਸੱਭਿਆਚਾਰਕ ਕਦਰਾਂ-ਕੀਮਤਾਂ ਦੇ ਬੀਜ ਬੀਜਣ ਵਿਚ ਸਹਾਈ ਹੁੰਦਾ ਹੈ। ਜਿਨ੍ਹਾਂ ਪਰਵਾਰਾਂ ਵਿਚ ਕਿਸੇ ਵੀ ਮਸਲੇ ਨੂੰ ਸੂਝ-ਬੂਝ ਤੇ ਦਲੀਲ-ਪੂਰਨ ਵਿਚਾਰਾਂ ਨਾਲ ਸੁਲਝਾਉਣ ਦੇ ਯਤਨ ਕੀਤੇ ਜਾਂਦੇ ਹਨ, ਉੱਥੇ ਬੱਚਿਆਂ ਵਿਚ ਵੀ ਸਹਿਜਤਾ ਅਤੇ ਸਿਆਣਪ ਜਿਹੇ ਗੁਣ ਪੈਦਾ ਹੁੰਦੇ ਹਨ। ਜ਼ਿੰਦਗੀ ਵਿਚ ਪ੍ਰਵਾਨ ਚੜ੍ਹਨ 'ਤੇ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਵੀ ਅਜਿਹੇ ਮਾਹੌਲ ਨਾਲ ਪ੍ਰਪੱਕਤਾ ਪੈਦਾ ਹੁੰਦੀ ਹੈ। ਕਈ ਵਾਰ ਮਾਵਾਂ, ਮੋਹ-ਮਮਤਾ ਕਾਰਨ ਬੱਚਿਆਂ ਦੀਆਂ ਗੰਭੀਰ ਗਲਤੀਆਂ ਨੂੰ ਬਾਪ ਤੋਂ ਛੁਪਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਜਿਸ ਦੇ ਅੱਗੇ ਜਾ ਕੇ ਗੰਭੀਰ ਸਿੱਟੇ ਨਿਕਲਦੇ ਹਨ। ਇਸ ਤਰ੍ਹਾਂ ਬੱਚੇ ਹੋਰ ਵੱਡੀਆਂ ਗਲਤੀਆਂ ਕਰਨ ਦੇ ਰਾਹ ਤੁਰ ਪੈਂਦੇ ਹਨ। ਕਈ ਵਾਰ ਸਥਿਤੀ ਇਹ ਬਣ ਜਾਂਦੀ ਹੈ ਕਿ ਬੱਚਿਆਂ ਦੀਆਂ ਗਤੀਵਿਧੀਆਂ ਬਾਰੇ ਮਾਪਿਆਂ ਨੂੰ ਕੋਈ ਖਬਰ ਹੀ ਨਹੀਂ ਹੁੰਦੀ ਤੇ ਜਦੋਂ ਤੱਕ ਪਤਾ ਲਗਦਾ ਹੈ, ਉਦੋਂ ਤੱਕ ਸਿਰੋਂ ਪਾਣੀ ਲੰਘ ਚੁੱਕਾ ਹੁੰਦਾ ਹੈ। ਬੱਚਿਆਂ ਦੇ ਕਿਸੇ ਝੂਠ ਨੂੰ ਛੁਪਾਉਣ ਦੀ ਥਾਂ ਉਸ ਨੂੰ ਪਿਆਰ ਤੇ ਠਰ੍ਹੰਮੇ ਨਾਲ ਸਮਝਾਉਣਾ ਤੇ ਅੱਗੇ ਤੋਂ ਉਸ ਦੀ ਕਹੀ ਗੱਲ 'ਤੇ ਇਤਬਾਰ ਕਰਨਾ ਜ਼ਰੂਰੀ ਹੈ।

ਜੇ ਘਰ ਵਿਚ ਇਕ-ਦੂਜੇ ਪ੍ਰਤੀ ਬੇਵਿਸ਼ਵਾਸੀ ਦਾ ਮਹੌਲ ਹੋਵੇ ਤਾਂ ਬੱਚੇ ਵੀ ਇਸ ਤੋਂ ਅਭਿੱਜ ਨਹੀਂ ਰਹਿ ਸਕਦੇ। ਅਕਸਰ ਹੀ ਬੱਚਿਆਂ ਨੂੰ ਨਾਦਾਨ ਸਮਝ ਕੇ ਮਾਪੇ ਉਨ੍ਹਾਂ ਤੋਂ ਬਹੁਤੀਆਂ ਗੱਲਾਂ ਛੁਪਾ ਲੈਂਦੇ ਹਨ। ਹਰ ਗੱਲ ਬੱਚਿਆਂ ਨਾਲ ਸਾਂਝੀ ਕੀਤੀ ਜਾਣੀ ਚਾਹੀਦੀ ਹੈ। ਘਰ ਦੀ ਆਮਦਨ ਤੇ ਖਰਚ ਬਾਰੇ ਵੀ ਬੱਚਿਆਂ ਨਾਲ ਚਰਚਾ ਕਰਨੀ ਕੋਈ ਮਾੜੀ ਗੱਲ ਨਹੀਂ ਹੈ, ਤਾਂ ਕਿ ਉਨ੍ਹਾਂ ਨੂੰ ਕੋਈ ਭੁਲੇਖਾ ਨਾ ਰਹੇ ਤੇ ਉਹ ਗੈਰ-ਜ਼ਰੂਰੀ ਮੰਗਾਂ ਤੋਂ ਸੰਕੋਚ ਕਰਨ। ਪਰਵਾਰ ਵਿਚ ਕਿਸੇ ਮੈਂਬਰ ਵਿਸ਼ੇਸ਼ ਤੌਰ 'ਤੇ ਬੱਚਿਆਂ ਨਾਲ ਕਿਸੇ ਤਰ੍ਹਾਂ ਦਾ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਆਮ ਤੌਰ 'ਤੇ ਮੁੰਡਿਆਂ ਦੀ ਗੱਲ ਦਬਾਅ ਅਧੀਨ ਮੰਨਣ ਲਈ ਮਾਪੇ ਕਈ ਵਾਰ ਬੇਵੱਸ ਹੋ ਜਾਂਦੇ ਹਨ, ਜਦੋਂ ਕਿ ਕੁੜੀਆਂ ਦੀ ਜਾਇਜ਼ ਮੰਗ ਨੂੰ ਵੀ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਅਜਿਹੀਆਂ ਗੱਲਾਂ ਪਰਵਾਰ ਦੇ ਸੁਖਾਵੇਂ ਮਾਹੌਲ ਨੂੰ ਵਿਗਾੜ ਦਿੰਦੀਆਂ ਹਨ।

ਜੇਕਰ ਪਰਵਾਰ ਦੇ ਵੱਡੇ ਮੈਂਬਰ ਘਰ ਦੇ ਬਜ਼ੁਰਗਾਂ ਦਾ ਆਦਰ-ਸਤਿਕਾਰ ਤੇ ਚੰਗੀ ਸਾਂਭ-ਸੰਭਾਲ ਕਰਦੇ ਹਨ ਤਾਂ ਸੁਭਾਵਿਕ ਗੱਲ ਹੈ ਕਿ ਬੱਚੇ ਵੀ ਅਜਿਹਾ ਵਤੀਰਾ ਹੀ ਧਾਰਨ ਕਰਨਗੇ। ਜੇ ਮਾਪੇ ਹੀ, ਬੁਢਾਪੇ ਦੀ ਉਮਰ ਹੰਢਾ ਰਹੇ ਆਪਣੇ ਬਜ਼ੁਰਗਾਂ ਨੂੰ ਅਣਗੌਲਿਆਂ ਕਰਨਗੇ ਤਾਂ ਭਵਿੱਖ ਵਿਚ ਆਪਣੇ ਬੱਚਿਆਂ ਤੋਂ ਕਿਸੇ ਸਾਂਭ-ਸੰਭਾਲ ਦੀ ਉਮੀਦ ਕਰਨੀ ਫਜ਼ੂਲ ਹੈ। ਜਿਸ ਘਰ ਵਿਚ ਵੱਡੇ ਔਰਤਾਂ ਦਾ ਆਦਰ-ਸਨਮਾਨ ਕਰਦੇ ਹਨ, ਉੱਥੇ ਬੱਚਿਆਂ ਵਿਚ ਵੀ ਅਜਿਹੀ ਪ੍ਰਵਿਰਤੀ ਪੈਦਾ ਹੋ ਜਾਂਦੀ ਹੈ। ਘਰ ਤੋਂ ਮਿਲੀ ਅਜਿਹੀ ਸਿੱਖਿਆ ਬਹੁਤ ਕਾਰਗਰ ਸਾਬਤ ਹੁੰਦੀ ਹੈ ਤੇ ਬੱਚੇ ਵੱਡੇ ਹੋ ਕੇ ਸਮਾਜ ਵਿਚ ਵਿਚਰਦਿਆਂ ਔਰਤਾਂ ਪ੍ਰਤੀ ਸਨਮਾਨ ਦੀ ਭਾਵਨਾ ਰੱਖਦੇ ਹਨ। ਅਜੋਕੇ ਸਮੇਂ ਵਿਚ ਜਿਸ ਤਰ੍ਹਾਂ ਦੇ ਨਿਘਾਰ ਦੀ ਸਥਿਤੀ ਬਣੀ ਹੋਈ ਹੈ। ਇਸ ਵਿਚ ਮਾਪਿਆਂ ਨੂੰ ਬਹੁਤ ਸੁਚੇਤ ਹੋਣ ਦੀ ਲੋੜ ਹੈ ਤਾਂ ਕਿ ਬੱਚਿਆਂ ਨੂੰ ਇਸ ਬਦਤਰ ਸਥਿਤੀ ਦੇ ਨਿਘਾਰ ਵਿਚ ਖੱਚਿਤ ਹੋਣ ਤੋਂ ਬਚਾਇਆ ਜਾ ਸਕੇ। ਪਰਵਾਰਕ ਮਾਹੌਲ ਇਸ ਕਦਰ ਬਣਾਇਆ ਜਾਵੇ ਕਿ ਨਿੱਕੇ-ਨਿੱਕੇ ਫੁੱਲ ਨਿਰਵਿਘਨ ਖਿੜ ਸਕਣ ਤੇ ਆਪਣੀ ਮਹਿਕ ਨਾਲ ਆਲੇ-ਦੁਆਲੇ ਨੂੰ ਮਹਿਕਾ ਸਕਣ।

**# ਸੰਪਰਕ : 98153-56086**

# ਬੇਲਗਾਮ ਹੋਈ ਮਹਿੰਗਾਈ



ਨਰਿੰਦਰ ਸਿੰਘ

ਵਿਸ਼ਵ ਭਰ 'ਚ ਜਨਤਾ ਮਹਿੰਗਾਈ ਨਾਲ ਜੂਝ ਰਹੀ ਹੈ। ਮਹਿੰਗਾਈ ਸਾਰਿਆਂ 'ਤੇ ਹਾਵੀ ਹੈ। ਇੰਡੋਨੇਸ਼ੀਆਂ 'ਚ ਹਰੇ ਪਿਆਜ਼ ਦੀਆਂ ਕੀਮਤਾਂ ਤੋਂ ਲੈ ਕੇ ਯੂਰਪ ਭਰ 'ਚ ਈਂਧਣ ਦੀ ਮਹਿੰਗਾਈ ਤੱਕ ਖਾਣ-ਪੀਣ, ਊਰਜਾ ਅਤੇ ਬੁਨਿਆਦੀ ਸਹੂਲਤਾਂ ਦੀਆਂ ਵਧਦੀਆਂ ਕੀਮਤਾਂ ਨੇ ਪੂਰੀ ਦੁਨੀਆ 'ਚ ਲੋਕਾਂ ਦੇ ਜੀਵਨ ਪੱਧਰ 'ਤੇ ਖ਼ਾਸਾ ਅਸਰ ਪਾਇਆ ਹੈ। ਦੁਨੀਆ ਭਰ 'ਚ ਆਰਥਿਕ ਨੀਤੀਆਂ ਬਣਾਉਣ ਵਾਲੇ ਮੰਨ ਰਹੇ ਹਨ ਕਿ ਮਹਿੰਗਾਈ ਹੌਲੀ-ਹੌਲੀ ਆਮ ਵਾਂਗ ਹੁੰਦੀ ਦਿਖਾਈ ਦੇ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਵੀ ਇਸ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ ਤਾਂ ਕਈ ਅਰਥ ਵਿਵਸਥਾਵਾਂ ਦੇ ਬਿਖਰਨ ਦਾ ਡਰ ਬਣਿਆ ਹੋਇਆ ਹੈ। ਕੇਂਦਰੀ ਬੈਂਕਾਂ ਦੇ ਸਮੂਹ ਆਫ ਇੰਟਰਨੈਸ਼ਨਲ ਸੈਟਲਮੈਂਟਸ ਦੇ ਪ੍ਰਮੁੱਖ ਅਗਸਟਿਨ ਕਾਰਸਟੇਂਸ ਨੇ ਜੂਨ 'ਚ ਚੇਤਾਵਨੀ ਦਿੱਤੀ ਸੀ ਕਿ ਜੇਕਰ ਕਈ ਤਰ੍ਹਾਂ ਦੇ ਦਬਾਅ ਪਏ ਤਾਂ ਵਿਸ਼ਵ ਭਰ ਦੀ ਅਰਥ ਵਿਵਸਥਾ ਲੀਹੋਂ ਲੱਥ ਸਕਦੀ ਹੈ।

ਵਿਸ਼ਵ ਭਰ 'ਚ ਮਹਿੰਗਾਈ ਬੇਲਗਾਮ ਹੁੰਦੀ ਜਾ ਰਹੀ ਹੈ। ਭਾਰਤ ਵਿੱਚ ਇੱਕ ਪਾਸੇ ਜਿਥੇ ਇੱਕ ਤਿਹਾਈ ਆਬਾਦੀ ਦਾ ਆਰਥਿਕ ਵਿਕਾਸ ਤੇ ਤਰੱਕੀ ਹੋ ਰਹੀ ਹੈ, ਉੱਥੇ ਦੋ ਤਿਹਾਈ ਆਬਾਦੀ ਏਨੀ ਦਿਨੀ ਮਹਿੰਗਾਈ ਨੂੰ ਲੈ ਕੇ ਪ੍ਰੇਸ਼ਾਨ ਹੀ ਨਹੀਂ, ਸਗੋਂ ਮੁਸ਼ਕਲ ਵਿੱਚ ਵੀ ਹੈ। ਦੇਸ਼ ਦੀ ਆਬਾਦੀ ਦਾ ਇੱਕ ਬਹੁਤ ਵੱਡਾ ਹਿੱਸਾ ਮਹਿੰਗਾਈ ਦਾ ਸਤਾਇਆ ਹੋਇਆ ਹੈ। ਮਹਿੰਗਾਈ ਦੇ ਆਮ ਉਭਾਰ 'ਚ ਸਭ ਤੋਂ ਜ਼ਿਆਦਾ ਕੀਮਤਾਂ ਖ਼ੁਰਾਕੀ ਵਸਤਾਂ ਦੀਆਂ ਵਧ ਰਹੀਆਂ ਹਨ। ਭਾਰਤ 'ਚ ਪਿਛਲੇ ਸਾਲ ਤੋਂ ਖ਼ੁਰਾਕੀ ਪਦਾਰਥਾਂ ਦੀਆਂ ਕੀਮਤਾਂ 65 ਤੋਂ 70 ਫ਼ੀਸਦੀ ਵਧ ਚੁੱਕੀਆਂ ਹਨ। ਦਾਲਾਂ ਦੀਆਂ ਕੀਮਤਾਂ 'ਚ 27 ਫ਼ੀਸਦੀ ਦਾ ਵਾਧਾ ਹੋ ਚੁੱਕਾ ਹੈ। ਪਿਆਜ਼ ਦੀਆਂ ਕੀਮਤਾ 'ਚ 65 ਫ਼ੀਸਦੀ ਵਾਧਾ ਅਤੇ ਆਲੂ ਦੀਆਂ ਕੀਮਤਾਂ 'ਚ 44 ਫ਼ੀਸਦੀ ਦਾ ਵਾਧਾ ਹੋ ਚੁੱਕਾ ਹੈ। ਤਾਜ਼ਾ ਸਰਵੇਖਣ ਅਨੁਸਾਰ ਪਿਛਲੇ ਦੋ ਸਾਲਾਂ ਵਿੱਚ ਰੋਜ਼ਾਨਾ ਘਰੇਲੂ ਵਰਤੋਂ ਦੇ ਸਮਾਨ ਦੀ ਕੀਮਤ 19 ਫ਼ੀਸਦੀ ਵਧ ਗਈ ਹੈ। ਆਟੇ ਤੇ ਮੈਦੇ ਤੋਂ ਬਣਨ ਵਾਲੇ ਉਤਪਾਦਾਂ ਦੀਆਂ ਵਧੀਆਂ ਕੀਮਤਾਂ ਨੇ ਵੀ ਲੋਕਾਂ ਦੇ ਮੱਥੇ 'ਤੇ ਪਸੀਨਾ ਲਿਆ ਦਿੱਤਾ ਹੈ। ਕਣਕ ਦੀ ਭਾਰੀ ਕਮੀ ਕਰਕੇ ਅਤੇ ਲਗਾਤਾਰ ਮਹਿੰਗੀ ਹੋਣ ਕਰਕੇ ਸਿਰਫ਼ ਢਾਈ ਮਹੀਨੇ ਵਿੱਚ ਹੀ ਕਣਕ ਦੀਆਂ ਕੀਮਤਾਂ 'ਚ 600 ਰੁਪਏ ਤੋਂ ਲੈ ਕੇ 700 ਰੁਪਏ ਕੁਇੰਟਲ ਵਿਚ ਤੇਜ਼ੀ ਆਈ ਹੈ। ਐੱਫ ਸੀ ਆਈ ਵੱਲੋਂ ਖੁੱਲ੍ਹੇ ਬਾਜ਼ਾਰ ਵਿੱਚ ਜਾਰੀ ਕੀਤੀ ਜਾਣ ਵਾਲੀ ਕਣਕ 2275 ਰੁਪਏ ਪ੍ਰਤੀ ਕੁਇੰਟਲ ਤੋਂ ਵਧ ਕੇ 2750 ਰੁਪਏ ਤੋਂ ਲੈ ਕੇ 2800 ਰੁਪਏ ਪ੍ਰਤੀ ਕੁਇੰਟਲ ਤੱਕ ਪੁੱਜ ਗਈ ਹੈ। ਕੁਝ ਦਾਲਾਂ ਅਤੇ ਬੇਸਨ ਦੀਆਂ ਕੀਮਤਾਂ ਨੇ ਲੋਕਾਂ ਦਾ ਸਾਰਾ ਬਜਟ ਹੀ ਹਿਲਾ ਦਿੱਤਾ ਹੈ। ਚਨੇ ਦੀ ਦਾਲ 25 ਦਿਨ ਪਹਿਲਾਂ 72 ਰੁਪਏ ਕਿਲੋ ਵਿਕ ਰਹੀ ਸੀ, ਜੋ ਹੁਣ 96 ਰੁਪਏ ਪ੍ਰਤੀ ਕਿਲੋ ਪੁੱਜ ਗਈ ਹੈ। ਕਾਲੇ ਛੋਲੇ 67 ਰੁਪਏ ਤੋਂ 92 ਰੁਪਏ, ਵੇਸਨ 80 ਰੁਪਏ ਤੋਂ ਵਧ ਕੇ 100 ਰੁਪਏ ਪ੍ਰਤੀ ਕਿਲੋ ਵਿਕ ਰਿਹਾ ਹੈ। 70 ਰੁਪਏ ਵਾਲੇ ਚਿੱਟੇ ਛੋਲੇ 120 ਤੋਂ 125 ਰੁਪਏ ਪ੍ਰਤੀ ਕਿਲੋ, ਚੰਗੇ ਛੋਲੇ ਪਹਿਲਾਂ 85 ਰੁਪਏ ਕਿਲੋ ਤੇ ਹੁਣ 160 ਰੁਪਏ ਤੋਂ 180 ਰੁਪਏ ਪ੍ਰਤੀ ਕਿਲੋ ਥੋਕ ਵਿੱਚ ਵਿਕ ਰਹੇ ਹਨ। ਚਿੱਟੇ ਛੋਲਿਆਂ ਦੀ ਕੀਮਤ ਤਾਂ ਆਉਣ ਵਾਲੇ ਸਮੇਂ ਵਿੱਚ 200 ਰੁਪਏ ਪ੍ਰਤੀ ਕਿਲੋ ਤੱਕ ਜਾ ਸਕਦੀ ਹੈ। ਦੱਸਿਆ ਜਾਂਦਾ ਹੈ ਕਿ ਜਿਨ੍ਹਾਂ ਦਾਲਾਂ ਦੀਆਂ ਕੀਮਤਾਂ ਵਿੱਚ ਤੇਜ਼ੀ ਹੈ, ਉਨ੍ਹਾਂ ਦੀਆਂ ਫਸਲਾਂ 'ਤੇ ਅਸਰ ਪੈਣ ਕਰਕੇ ਕੀਮਤਾਂ ਵਿੱਚ ਵਾਧਾ ਹੋਇਆ ਹੈ। ਕੀਮਤਾਂ ਵਧਣ ਕਾਰਨ ਤਿਓਹਾਰੀ ਸੀਜ਼ਨ ਮਹਿੰਗਾ ਹੀ ਰਹਿਣ ਦੀ ਸੰਭਾਵਨਾ ਹੈ।

ਸਬਜ਼ੀਆਂ ਤੇ ਫਲਾਂ ਦੀਆਂ ਕੀਮਤਾਂ ਦੁਗਣੀਆਂ ਹੋ ਗਈਆਂ ਹਨ। ਇਸ ਸਮੇਂ ਪਿਆਜ਼, ਟਮਾਟਰ, ਸਬਜ਼ੀਆਂ, ਦੁੱਧ, ਫਲ, ਦਾਲ, ਚਾਵਲ, ਆਟਾ, ਆਲੂ, ਤੇਲ ਆਦਿ ਖ਼ੁਰਾਕੀ ਪਦਾਰਥਾਂ ਦੀਆਂ ਕੀਮਤਾਂ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ। ਸਬਜ਼ੀਆਂ ਦੇ ਭਾਅ ਵਧਣ ਕਾਰਨ ਰਸੋਈ ਦਾ ਬਜਟ ਵਿਗੜਿਆ ਪਿਆ ਹੈ, ਕਿਉਂਕਿ ਪਹਿਲਾਂ ਹੀ ਲੋਕ ਦਾਲਾਂ ਦੀਆਂ ਕੀਮਤਾਂ ਵਧਣ ਕਾਰਨ ਪ੍ਰੇਸ਼ਾਨ ਸਨ। ਇਸ ਵੇਲੇ ਟਮਾਟਰ ਦਾ ਭਾਅ 100 ਰੁਪਏ ਕਿਲੋ, ਅਰਬੀ 60 ਰੁਪਏ, ਘੀਆ ਤੋਰੀ 80 ਰੁਪਏ ਕਿਲੋ, ਕੱਦੂ 60 ਰੁਪਏ ਕਿਲੋ, ਅਰਬੀ 50 ਰੁਪਏ ਕਿਲੋ ਅਤੇ ਪਿਆਜ਼ 50 ਰੁਪਏ, ਅਦਰਕ 150 ਰੁਪਏ ਕਿਲੋ, ਲਸਨ 300 ਰੁਪਏ ਕਿਲੋ, ਪੇਠਾ 30 ਰੁਪਏ ਕਿਲੋ, ਫੁੱਲ ਗੋਭੀ 80 ਰੁਪਏ ਕਿਲੋ, ਬੰਦ ਗੋਭੀ 50 ਰੁਪਏ ਕਿਲੋ, ਗਾਜਰ 50 ਰੁਪਏ ਕਿਲੋ, ਹਰੇ ਮਟਰ 160 ਰੁਪਏ ਕਿਲੋ, ਖੀਰੇ 80 ਰੁਪਏ ਪ੍ਰਤੀ ਕਿਲੋ ਵਿਕ ਰਹੇ ਹਨ।

ਸਰਕਾਰ ਦਾਅਵਾ ਕਰ ਰਹੀ ਹੈ ਕਿ ਥੋਕ ਤੇ ਪ੍ਰਚੂਨ ਮਹਿੰਗਾਈ ਕੰਟਰੋਲ ਵਿੱਚ ਹੈ। ਸਰਕਾਰ ਨੇ ਖ਼ਪਤਕਾਰ ਮੁੱਲ ਸੂਚਕ ਅੰਕ ਦੇ ਪ੍ਰਚੂਨ ਦੇ ਸਮਾਨ ਦੀ ਸੂਚੀ ਵਿੱਚੋਂ ਖ਼ੁਰਾਕੀ ਵਸਤਾਂ ਦਾ ਭਾਰ 46 ਫ਼ੀਸਦੀ ਤੋਂ ਘਟਾ ਕੇ 39 ਫ਼ੀਸਦੀ ਕਰ ਦਿੱਤਾ ਹੈ। ਮਹਿੰਗਾਈ ਲਈ ਸਰਕਾਰ ਦੀਆਂ ਗਲਤ ਨੀਤੀਆਂ ਜ਼ਿੰਮੇਵਾਰ ਹਨ। ਮਹਿੰਗਾਈ ਦਾ ਸਭ ਤੋਂ ਜ਼ਿਆਦਾ ਅਸਰ ਮੱਧ ਵਰਗੀ ਲੋਕਾਂ 'ਤੇ ਪੈਂਦਾ ਹੈ। ਦੇਸ਼ ਦੇ ਉਪਰਲੇ ਤਬਕੇ ਨੂੰ ਛੱਡ ਕੇ ਜੋ ਕਿ ਆਬਾਦੀ ਦਾ ਮੁਸ਼ਕਲ ਨਾਲ 20 ਫ਼ੀਸਦੀ ਹੋਵੇਗਾ, ਹੇਠਾਂ ਦੀ ਸਾਰੀ ਦੀ ਸਾਰੀ ਆਬਾਦੀ ਅੱਜ ਖਾਣ-ਪੀਣ ਵਾਲੀਆਂ ਵਸਤਾਂ ਦੀ ਮਹਿੰਗਾਈ ਤੋਂ ਦੁਖੀ ਹਨ। ਆਮ ਅਤੇ ਗਰੀਬ ਤਬਕੇ ਦੇ ਲੋਕਾਂ ਹੱਥ ਪੌਸ਼ਟਿਕ ਖ਼ੁਰਾਕ ਨਿਕਲਦੀ ਜਾ ਰਹੀ ਹੈ, ਜਿਸ ਨਾਲ ਉਨ੍ਹਾਂ ਨੂੰ ਅਗਾਂਹ ਜਾ ਕੇ ਕਈ ਤਰ੍ਹਾਂ ਦੀਆਂ ਔਕੜਾਂ ਘੇਰ ਸਕਦੀਆਂ ਹਨ। ਗਰੀਬ ਅਤੇ ਹੇਠਲੇ ਮੱਧ ਵਰਗ ਦੇ ਲੋਕ ਆਪਣੀ ਆਮਦਨ ਦਾ 70 ਫ਼ੀਸਦੀ ਖ਼ਰਚ ਖ਼ੁਰਾਕੀ ਵਸਤਾਂ 'ਤੇ ਕਰਦੇ ਹਨ। ਸਰਕਾਰ ਨੇ ਪੈਮਾਨਾ ਬਦਲ ਕੇ ਵੱਡੀ ਆਬਾਦੀ ਨਾਲ ਧ੍ਰੋਹ ਕਮਾਇਆ ਹੈ, ਜਦਕਿ ਆਮ ਭਾਰਤੀ ਮਹਿੰਗਾਈ ਹੇਠ ਪਿਸ ਰਿਹਾ ਹੈ। ਮਹਿੰਗਾਈ ਅਰਥ ਚਾਰੇ ਲਈ ਵੀ ਵੱਡੀ ਚੁਣੌਤੀ ਹੈ। ਮਹਿੰਗਾਈ ਨਾਲ ਵਿਕਾਸ ਯੋਜਨਾਵਾਂ ਦੀਆਂ ਲਾਗਤਾਂ ਵੀ ਵਧ ਜਾਂਦੀਆਂ ਹਨ। ਖ਼ੁਰਾਕੀ ਵਸਤਾਂ ਦੀ ਮਹਿੰਗਾਈ ਆਮ ਭਾਰਤੀਆਂ ਲਈ ਸਹਿਣੀ ਮੁਸ਼ਕਲ ਬਣ ਚੁੱਕੀ ਹੈ। ਸਧਾਰਨ ਦੇਸ਼ ਵਾਸੀ ਪਹਿਲਾਂ ਹੀ ਆਪਣੀ ਖ਼ੁਰਾਕ 'ਚ ਕਟੌਤੀ ਕਰ ਚੁੱਕੇ ਹਨ। ਪ੍ਰੇਸ਼ਾਨੀ ਵਾਲੀ ਗੱਲ ਇਹ ਹੈ ਕਿ ਖ਼ੁਰਾਕੀ ਵਸਤਾਂ ਦੀ ਮਹਿੰਗਾਈ ਦਰ 9 ਫ਼ੀਸਦੀ 'ਤੇ ਪਹੁੰਚ ਗਈ ਹੈ, ਜਦਕਿ ਪਿਛਲੇ ਪੌਣੇ ਛੇ ਸਾਲਾਂ ਵਿੱਚ ਮਹਿੰਗਾਈ 4 ਫ਼ੀਸਦੀ ਦੀ ਦਰ ਤੋਂ ਉਪਰ ਚਲਦੀ ਰਹੀ ਹੈ।ਵਣਜ ਤੇ ਉਦਯੋਗ ਮੰਤਰਾਲੇ ਅਨੁਸਾਰ ਜੂਨ 2024 'ਚ ਮੁਦਰਾ ਸਫੀਤੀ (ਮਹਿੰਗਾਈ) ਦਰ 'ਚ ਵਾਧਾ ਮੁੱਖ ਤੌਰ 'ਤੇ ਖ਼ੁਰਾਕੀ ਵਸਤਾਂ, ਭੋਜਨ ਉਤਪਾਦਾਂ ਦੇ ਨਿਰਮਾਣ ਆਦਿ ਦੀਆਂ ਕੀਮਤਾਂ 'ਚ ਵਾਧੇ ਕਾਰਨ ਹੋਇਆ ਹੈ। ਦਿਨੋਂ-ਦਿਨ ਵਧ ਰਹੀ ਮਹਿੰਗਾਈ ਨੇ ਆਮ ਆਦਮੀ ਦੀ ਥਾਲੀ ਖ਼ਾਲੀ ਕਰ ਦਿੱਤੀ ਹੈ। ਸਰਕਾਰਾਂ ਦਾ ਮਹਿੰਗਾਈ 'ਤੇ ਕੋਈ ਕੰਟਰੋਲ ਨਹੀਂ ਰਿਹਾ। ਪਹਿਲਾਂ ਕਿਰਤੀ-ਕਾਮਿਆਂ ਦੇ ਚੌਂਕੇ-ਚੁੱਲੇ ਵਿੱਚ ਰਿੱਝਦੀ ਪੀਲੀ ਤੇ ਹਰੀ ਮੂੰਗੀ ਦੀ ਦਾਲ ਉਨ੍ਹਾਂ ਦੀ ਖਰੀਦ ਸ਼ਕਤੀ ਤੋਂ ਬਾਹਰ ਹੋ ਗਈ ਹੈ, ਪ੍ਰੰਤੂ ਹੁਣ ਆਮ ਆਦਮੀ ਦੀ ਥਾਲੀ 'ਚੋਂ ਦਾਲ ਦੇ ਨਾਲ-ਨਾਲ ਸਬਜ਼ੀ ਵੀ ਗਾਇਬ ਹੋ ਗਈ ਹੈ। ਆਲੂ, ਪਿਆਜ਼, ਟਮਾਟਰ, ਅਦਰਕ ਦੀਆਂ ਕੀਮਤਾਂ ਨੂੰ ਅੱਗ ਲੱਗੀ ਹੋਈ ਹੈ। ਨਿੱਤ ਰੋਜ਼ ਕਮਾ ਕੇ ਖਾਣ ਵਾਲਿਆਂ ਲਈ ਮਹਿੰਗਾਈ ਕਾਲ ਬਣ ਕੇ ਆਈ ਹੈ, ਜਿਸ ਨੇ ਉਨ੍ਹਾਂ ਦੇ ਖਾਣ ਤੇ ਜਿਉਣ ਦੇ ਸੁਪਨੇ ਦਾ ਗਲਾ ਘੁੱਟ ਰੱਖਿਆ ਹੈ। ਸਰਕਾਰਾਂ ਦੀਆਂ ਨੀਤੀਆਂ ਕਾਰਨ ਕਾਰਪੋਰੇਟ ਘਰਾਣੇ ਚੀਜ਼ਾਂ ਮਨਮਰਜ਼ੀ ਦੇ ਭਾਅ ਵੇਚ ਕੇ ਲੋਕਾਂ ਨੂੰ ਲੁੱਟ ਰਹੇ ਹਨ ਤੇ ਸਰਕਾਰਾਂ ਅੱਖਾਂ ਮੀਚੀ ਬੈਠੀਆਂ ਹਨ। ਨਿੱਤ ਵਰਤੋਂ ਦੀਆਂ ਵਸਤਾਂ ਦੇ ਅਸਮਾਨੀ ਛੂਹ ਰਹੇ ਭਾਅ ਆਮ ਲੋਕਾਂ ਲਈ ਵੱਡੀ ਸਿਰਦਰਦੀ ਬਣੇ ਹੋਏ ਹਨ।




ਜੀ ਐੱਸ ਟੀ ਵਰਗੇ ਹੋਰ ਕਰਾਂ ਦੀਆਂ ਭਾਰੀ ਦਰਾਂ ਵੀ ਮਹਿੰਗਾਈ ਵਧਣ ਦਾ ਕਾਰਨ ਹਨ। ਸੜਕ ਟਰਾਂਸਪੋਰਟ ਨੂੰ ਟੋਲ ਟੈਕਸ ਦੀਆਂ ਭਾਰੀ ਦਰਾਂ ਨੇ ਹੋਰ ਮਹਿੰਗਾ ਕੀਤਾ ਹੈ, ਕਿਉਂਕਿ ਜ਼ਿਆਦਾ ਜ਼ਰੂਰੀ ਖ਼ੁਰਾਕੀ ਵਸਤਾਂ ਦੀ ਢੋਆ-ਢੁਆਈ ਸੜਕਾਂ ਰਾਹੀਂ ਹੀ ਹੁੰਦੀ ਹੈ। ਟੋਲ ਟੈਕਸ ਕਾਰਨ ਘਰ ਬਣਾਉਣ, ਸੈਰ-ਸਪਾਟਾ ਅਤੇ ਹੋਰ ਰੋਜ਼ਮਰ੍ਹਾ ਦੇ ਕੰਮਾਂਕਾਰਾਂ ਲਈ ਆਉਣ-ਜਾਣ ਦੇ ਖ਼ਰਚੇ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਆਮ ਖਪਤਕਾਰ ਨੂੰ ਛੱਡ ਕੇ ਬਾਕੀ ਸਭ ਨੂੰ ਮਹਿੰਗਾਈ ਤੋਂ ਫ਼ਾਇਦਾ ਹੈ। ਦੇਸ਼ ਦੀ ਇੱਕ ਤਿਹਾਈ ਆਬਾਦੀ ਦਾ ਆਰਥਿਕ ਵਿਕਾਸ ਤੇ ਤਰੱਕੀ ਹੋ ਰਹੀ ਹੈ। ਦੇਸ਼ ਦੀਆਂ ਸਾਰੀਆਂ ਨੀਤੀਆਂ, ਯੋਜਨਾਵਾਂ ਅਤੇ ਪ੍ਰੋਗਰਾਮਾਂ ਤੇ ਇਨ੍ਹਾਂ ਦਾ ਕੰਟਰੋਲ ਹੈ। ਦੇਸ਼ ਦੇ ਤਿੰਨ ਚੌਥਾਈ ਸਾਧਨਾਂ 'ਤੇ ਇਨ੍ਹਾਂ ਦਾ ਕਬਜ਼ਾ ਹੈ। ਇਸ ਇਕ ਤਿਹਾਈ ਆਬਾਦੀ ਵਿੱਚ ਵੱਡੇ ਕਾਰੋਬਾਰੀ, ਕਾਰਪੋਰੇਟ ਘਰਾਣੇ, ਸਿਆਸੀ ਨੇਤਾ, ਸਰਕਾਰੀ ਤੇ ਗੈਰ-ਸਰਕਾਰੀ ਅਧਿਕਾਰੀ, ਕਾਰਪੋਰੇਟ ਕੰਪਨੀ ਆਦਿ ਵੱਡੇ ਹਿੱਸੇਦਾਰ ਹੁੰਦੇ ਹਨ। ਗਰੀਬ ਲੋਕਾਂ ਨੂੰ ਉਹੀ ਕਮਾਉਣਾ ਹੁੰਦਾ ਹੈ ਤੇ ਉਹੀ ਖਾਣਾ ਹੁੰਦਾ ਹੈ। ਜੇਕਰ ਮਹਿੰਗਾਈ ਥਾਂ ਸਿਰ ਰਹੇ ਤਾਂ ਹੀ ਉਹ ਆਪਣਾ ਜੀਵਨ ਸਹੀ ਢੰਗ ਨਾਲ ਬਸਰ ਕਰ ਸਕਦੇ ਹਨ।

ਮਹਿੰਗਾਈ ਵਿੱਚ ਅੰਧਾਧੁੰਦ ਹੋ ਰਹੇ ਵਾਧੇ ਕਾਰਨ ਆਮ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ। ਮਹਿੰਗਾਈ ਵਧਣ ਨਾਲ ਲੋਕਾਂ 'ਤੇ ਮਾਨਸਿਕ ਦਬਾਅ ਵਧ ਰਿਹਾ ਹੈ, ਜਿਸ ਕਾਰਨ ਮਾਨਸਿਕ ਰੋਗੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਸਰਕਾਰਾਂ ਨੂੰ ਲੋਕਾਂ ਦੀ ਆਰਥਿਕ ਹਾਲਤ ਏਨੀ ਕਮਜ਼ੋਰ ਨਹੀਂ ਕਰਨੀ ਚਾਹੀਦੀ ਕਿ ਉਨ੍ਹਾਂ ਦੀਆਂ ਥਾਲੀਆਂ ਵਿੱਚ ਦਾਲ-ਰੋਟੀ ਤੇ ਸਬਜ਼ੀ ਗਾਇਬ ਹੋ ਜਾਵੇ। ਮਹਿੰਗਾਈ ਨਾਲ ਲੋਕ ਹਾਲੋ ਬੇਹਾਲ ਹੋਏ ਪਏ ਹਨ।ਮਹਿੰਗਾਈ ਵਧਣ ਦੇ ਬਾਵਜੂਦ ਸਰਕਾਰ ਖਾਮੋਸ਼ ਹੈ।ਮਹਿੰਗਾਈ 'ਤੇ ਕਾਬੂ ਪਾਉਣਾ ਸਰਕਾਰਾਂ ਦਾ ਕੰਮ ਹੈ, ਪਰ ਜਿਹੜੀ ਸਰਕਾਰ ਮਹਿੰਗਾਈ ਨੂੰ ਕੰਟਰੋਲ ਨਹੀਂ ਕਰ ਸਕਦੀ, ਉਸ ਦੇ ਕੰਮ ਕਰਨ ਦੇ ਤਰੀਕੇ ਅਤੇ ਨੀਅਤ ਲੋਕ ਪੱਖੀ ਨਹੀਂ ਹੁੰਦੇ। ਮਹਿੰਗਾਈ ਘਟਾਉਣ ਲਈ ਸਰਕਾਰ ਨੂੰ ਕਾਲਾ-ਬਜ਼ਾਰੀਆਂ ਨੂੰ ਨੱਥ ਪਾਉਣੀ ਚਾਹੀਦੀ ਹੈ, ਕਿਉਂਕਿ ਮਹਿੰਗਾਈ ਵਧਾਉਣ ਲਈ ਉਹ ਜ਼ਿੰਮੇਵਾਰ ਹਨ। ਸਰਕਾਰ ਨੂੰ ਜਲਦੀ ਹੀ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਸੰਜੀਦਾ ਉਪਰਾਲੇ ਕਰਨੇ ਚਾਹੀਦੇ ਹਨ, ਤਾਂ ਜੋ ਆਮ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਮਿਲ ਸਕੇ।

**# ਸੰਪਰਕ : 98146-62260**

# ਮਠਿਆਈਆਂ ਦੀਆਂ ਦੁਕਾਨਾਂ 'ਤੇ ਮਿਲਾਵਟੀ ਧੰਦਾ ਜ਼ੋਰਾਂ 'ਤੇ



ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ) ਜਿਵੇਂ-ਜਿਵੇਂ ਤਿਉਹਾਰਾਂ ਦੇ ਦਿਨ ਨੇੜੇ ਆ ਰਹੇ ਹਨ ਨੂਰਮਹਿਲ ਵਿੱਚ ਮਠਿਆਈ ਤੇ ਦੁੱਧ ਪਨੀਰ ਵਾਲੀਆਂ ਦੁਕਾਨਾਂ 'ਤੇ ਮਿਲਾਵਟ ਵਾਲੀਆਂ ਚੀਜ਼ਾਂ ਗਾਹਕਾਂ ਨੂੰ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।ਸ਼ਹਿਰ ਵਿਚ ਅੱਜ ਕੱਲ ਦੁੱਧ 80 ਰੁਪਏ ਕਿਲੋ ਵਿੱਕ ਰਿਹਾ ਹੈ।ਪਰ ਉਸ ਵਿੱਚ ਵੀ ਗਾਵਾਂ ਦਾ ਦੁੱਧ ਤੇ ਹੋਰ ਜ਼ਹਿਰਲੀਆ ਚੀਜ਼ਾਂ ਪਾ ਕੇ ਵੇਚਿਆ ਜਾ ਰਿਹਾ ਹੈ।ਪਨੀਰ ਤਾਂ ਸ਼ਹਿਰ ਦੀਆਂ ਦੁਕਾਨਾਂ 'ਤੇ ਬਾਹਰੋਂ ਲਿਆ ਕੇ ਵੇਚਿਆ ਜਾ ਰਿਹਾ ਹੈ।ਸੂਤਰਾਂ ਅਨੁਸਾਰ ਹਰ ਰੋਜ਼ ਇਕ ਗੱਡੀ ਦੁੱਧ ਨਾਲ ਬਣੀਆਂ ਚੀਜ਼ਾਂ ਦੀ ਸਪਲਾਈ ਕਰਦੀ ਹੈ।ਉਹ ਵੀ ਸਸਤੇ ਭਾਵ 'ਤੇ।ਮਠਿਆਈ ਵਾਲੀਆਂ ਦੁਕਾਨਾਂ 'ਤੇ ਤਾਂ ਕਿਸੇ ਵੀ ਮਠਿਆਈ ਉੱਪਰ ਨਾ ਤਾਂ ਬਣਾਉਣ ਦੀ ਤਰੀਕ ਤੇ ਨਾ ਹੀ ਖਰਾਬ ਹੋਣ ਦੀ ਤਰੀਕ ਲਿਖੀ ਹੁੰਦੀ ਹੈ।ਇਨ੍ਹਾਂ ਮਠਿਆਈਆਂ ਉੱਪਰ ਕੀੜੇ ਤੇ ਮੱਖੀਆਂ ਆਮ ਦੇਖਣ ਨੂੰ ਮਿਲਦੀਆਂ ਹਨ। ਦੁਕਾਨਦਾਰ ਸਰਕਾਰ ਵੱਲੋਂ ਸਖਤੀ ਕਰਨ ਦੇ ਬਾਵਜੂਦ ਮਠਿਆਈ ਵਾਲਾ ਡੱਬਾ ਜਿਹੜਾ ਕਿ ਡੱਬੇ ਦੇ ਵਿੱਚ ਵੀ ਗੱਤਾ ਰੱਖਿਆ ਹੁੰਦਾ ਹੈ ਅਤੇ ਆਮ ਮਠਿਆਈ ਨਾਲ ਤੋਲ ਕੇ ਦੇ ਰਹੇ ਹਨ ਅਤੇ ਦੇਖਿਆ ਜਾ ਸਕਦਾ ਹੈ।ਜਿਸ ਕਾਰਨ ਗਾਹਕਾਂ ਨੂੰ ਵੱਡੀ ਪੱਧਰ 'ਤੇ ਚੂਨਾ ਲਾਇਆ ਜਾ ਰਿਹਾ ਹੈ।ਲੋਕਾਂ ਦਾ ਫੂਡ ਸਪਲਾਈ ਦੇ ਅਧਿਕਾਰੀਆ ਉੱਚ ਅਫ਼ਸਰਾਂ ਪਾਸੋਂ ਮੰਗ ਕੀਤੀ ਹੈ ਕਿ ਜਿਸ ਤਰ੍ਹਾਂ ਦਿਨ ਤਿਉਹਾਰਾਂ ਦੇ ਨੇੜੇ ਆ ਰਹੇ ਹਨ। ਗੇੜਾ ਮਾਰ ਕੇ ਆਪਣੀ ਉਹ ਅਧਿਕਾਰੀ ਡਿਊਟੀ ਸਮਝ ਕੇ।ਲੋਕਾਂ ਦੀ ਸਿਹਤ ਨਾਲ ਹੋ ਰਿਹਾ ਖਿਲਵਾੜ ਰੋਕਿਆ ਜਾਵੇ।

# ਹਰਿਆਣਾ ਬੱਸ ਸਟੈਂਡ ਦੇ ਬਾਹਰ ਸਵਾਰੀਆਂ ਚੜ੍ਹਾਉਣ ਤੇ ਉਤਾਰਨ 'ਤੇ ਪਾਬੰਦੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਰਿਜਨਲ ਟਰਾਂਸਪੋਰਟ ਅਫ਼ਸਰ ਆਰ ਐਸ ਗਿੱਲ ਨੇ ਹਰਿਆਣਾ ਬੱਸ ਸਟੈਂਡ ਦੀ ਅਵਿਵਸਥਾ ਦੇ ਮੁੱਦੇ 'ਤੇ ਟਰਾਂਸਪੋਰਟ, ਪੁਲਸ ਅਧਿਕਾਰੀਆ ਅਤੇ ਪੰਜਾਬ ਰੋਡਵੇਜ ਦੇ ਅਧਿਕਾਰੀਆ ਨਾਲ ਇਕ ਮਹੱਤਵਪੂਰਨ ਮੀਟਿੰਗ ਕੀਤੀ।ਮੀਟਿੰਗ ਵਿਚ ਉਨ੍ਹਾਂ ਬੱਸ ਸਟੈਂਡ ਦੇ ਬਾਹਰ ਬੱਸਾਂ ਦੀ ਪਾਰਕਿੰਗ 'ਤੇ ਸਖ਼ਤੀ ਨਾਲ ਰੋਕ ਲਗਾਉਣ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਸਪੱਸ਼ਟ ਕੀਤਾ ਕਿ ਹੁਣ ਤੋਂ ਸਾਰੀਆਂ ਬੱਸਾਂ ਕੇਵਲ ਬੱਸ ਸਟੈਂਡ ਦੇ ਅੰਦਰ ਤੋਂ ਹੀ ਸਵਾਰੀਆਂ ਨੂੰ ਚੜ੍ਹਾਉਣਗੀਆਂ ਤੇ ਉਤਾਰੇਗੀ।ਜੇਕਰ ਕੋਈ ਬੱਸ, ਬੱਸ ਸਟੈਂਡ ਦੇ ਬਾਹਰ ਸਵਾਰੀਆਂ ਉਤਾਰਦੀ ਜਾਂ ਚੜ੍ਹਾਉਂਦੀ ਹੈ, ਤਾਂ ਸਬੰਧਤ ਥਾਣਾ ਇੰਚਾਰਜ ਨੂੰ ਤੁਰੰਤ ਚਲਾਨ ਕਰਕੇ ਜ਼ਰੂਰੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਰਿਜਨਲ ਟਰਾਂਸਪੋਰਟ ਅਫ਼ਸਰ ਨੇ ਪੰਜਾਬ ਰੋਡਵੇਜ ਦੇ ਅਧਿਕਾਰੀਆਂ ਨੂੰ ਵੀ ਹੁਕਮ ਦਿੱਤੇ ਕਿ ਉਹ ਆਪਣੇ ਡਰਾਈਵਰਾਂ ਨੂੰ ਸਖ਼ਤ ਹਦਾਇਤ ਦੇਣ ਕਿ ਕੋਈ ਵੀ ਸਰਕਾਰੀ ਬੱਸ, ਬੱਸ ਅੱਡੇ ਦੇ ਬਾਹਰ ਤੋਂ ਸਵਾਰੀਆਂ ਨਹੀਂ ਚੁਕੇਗੀ ਅਤੇ ਨਾ ਹੀ ਉਤਾਰੇਗੀ।ਇਸ ਨਾਲ ਨਾ ਕੇਵਲ ਬੱਸ ਅੱਡੇ ਦੇ ਬਾਹਰ ਦੀ ਭੀੜ 'ਤੇ ਕਾਬੂ ਪਾਇਆ ਜਾ ਸਕੇਗਾ ਬਲਕਿ ਦੁਰਘਟਨਾਵਾਂ ਦੀ ਗਿਣਤੀ ਵਿਚ ਵੀ ਕਮੀ ਆਵੇਗੀ।

# ਭਾਜਪਾ ਜ਼ਿਲ੍ਹਾ ਪ੍ਰਧਾਨ ਲਾਲਪੁਰਾ ਨੇ ਬੀ ਬੀ ਐੱਮ ਬੀ ਚੇਅਰਮੈਨ ਨਾਲ ਕੀਤੀ ਮੁਲਾਕਾਤ



ਭਲਾਣ (ਹਰਭਜਨ ਢਿੱਲੋਂ)- ਭਾਜਪਾ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਬੀ ਬੀ ਐਮ ਬੀ (ਭਾਖੜਾ ਬਿਆਸ ਪ੍ਰਬੰਧਨ ਬੋਰਡ) ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ ਵਿੱਚ ਉਨ੍ਹਾਂ ਨੰਗਲ ਦੇ ਸਥਾਨਕ ਨਿਵਾਸੀਆਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਅਤੇ ਨੰਗਲ ਨੂੰ ਇੱਕ ਸੈਲਾਨੀ ਕੇਂਦਰ ਵਜੋਂ ਸਥਾਪਤ ਕਰਨ ਦੀ ਅਪੀਲ ਕੀਤੀ।ਅਜੈਵੀਰ ਸਿੰਘ ਲਾਲਪੁਰਾ ਨੇ ਚੇਅਰਮੈਨ ਨੂੰ ਬੇਨਤੀ ਕੀਤੀ ਕਿ ਨੰਗਲ ਨੂੰ ਇੱਕ ਸੈਲਾਨੀ ਕੇਂਦਰ ਵਜੋਂ ਵਿਕਸਿਤ ਕੀਤਾ ਜਾਵੇ ਤਾਂ ਕਿ ਇੱਥੇ ਰੋਜ਼ਗਾਰ ਦੇ ਮੌਕੇ ਅਤੇ ਵਪਾਰਕ ਗਤੀਵਿਧੀਆਂ ਵਿੱਚ ਵਾਧਾ ਹੋ ਸਕੇ। ਉਨ੍ਹਾਂ ਕਿਹਾ ਕਿ ਸਥਾਨਕ ਲੋਕਾਂ ਨੂੰ ਰੋਜ਼ਗਾਰ ਮਿਲੇਗਾ ਤੇ ਇਸ ਖੇਤਰ ਦੀ ਆਰਥਿਕ ਸਥਿਤੀ ਸੁਧਰੇਗੀ।ਬੀ ਬੀ ਐਮ ਬੀ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਅਜੈਵੀਰ ਸਿੰਘ ਲਾਲਪੁਰਾ ਨੂੰ ਵਿਸ਼ਵਾਸ ਦਿਵਾਇਆ ਕਿ ਜਲਦੀ ਹੀ ਨੰਗਲ ਨੂੰ ਇੱਕ ਸੈਲਾਨੀ ਸਥਾਨ ਵਜੋਂ ਵਿਕਸਿਤ ਕੀਤਾ ਜਾਵੇਗਾ।ਇਸ ਮਹੱਤਵਪੂਰਨ ਮੀਟਿੰਗ ਤੋਂ ਬਾਅਦ ਲਾਲਪੁਰਾ ਨੇ ਬੀ ਬੀ ਐਮ ਬੀ ਚੇਅਰਮੈਨ ਤ੍ਰਿਪਾਠੀ ਦਾ ਧੰਨਵਾਦ ਕੀਤਾ ਅਤੇ ਉਮੀਦ ਜਤਾਈ ਕਿ ਨੰਗਲ ਜਲਦੀ ਹੀ ਇੱਕ ਪ੍ਰਮੁੱਖ ਪ੍ਰਚੰਡ ਸਥਾਨ ਵਜੋਂ ਉਭਰੇਗਾ।

# ਸਾਲਾਂ ਤੋਂ ਠੇਕੇਦਾਰੀ ਸਿਸਟਮ ਦਾ ਸੰਤਾਪ ਭੋਗ ਰਹੇ ਸਫਾਈ ਸੇਵਕਾਂ ਨੂੰ ਰੈਗੂਲਰ ਕੀਤਾ ਜਾਵੇ : ਖੋਸਲਾ

ਫਗਵਾੜਾ (ਜਸਵਿੰਦਰ ਢੱਡਾ)- ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਮੀਤ ਪ੍ਰਧਾਨ ਤੁਲਸੀ ਰਾਮ ਖੋਸਲਾ ਅਤੇ ਵਾਲਮੀਕਿ ਸੰਸਥਾ ਦੇ ਪ੍ਰਧਾਨ ਤੇ ਸਾਬਕਾ ਮੇਹਟ ਸਫਾਈ ਸੇਵਕ ਅਸ਼ੋਕ ਕੁਮਾਰ ਜੋਗਾ ਨੇ ਸਾਂਝਾ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਪੰਜਾਬ ਅੰਦਰ ਲੰਬੇ ਸਮੇ ਤੋਂ ਸਫਾਈ ਸੇਵਕ ਅਤੇ ਸੀਵਰਮੈਨ ਠੇਕੇਦਾਰੀ ਸਿਸਟਮ ਅੰਦਰ ਕੰਮ ਕਰ ਰਹੇ ਹਨ ਜਿਹਨਾਂ ਨੂੰ ਕਰੀਬ 10 ਤੋਂ 15 ਸਾਲ ਤੋਂ ਠੇਕੇਦਾਰੀ ਸਿਸਟਮ ਦਾ ਸੰਤਾਪ ਸਿਰਫ ਇਸ ਉਮੀਦ ਦੇ ਨਾਲ ਭੋਗਣਾ ਪੈ ਰਿਹਾ ਹੈ ਕਿ ਕਦੇ ਉਹ ਵੀ ਸਰਕਾਰੀ ਮੁਲਾਜ਼ਮਾਂ ਵਿਚ ਸ਼ਾਮਲ ਹੋਣਗੇ। ਪਰ ਬੜੀ ਦੁਖਦਾਈ ਗੱਲ ਹੈ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਇਹਨਾਂ ਨੂੰ ਲਾਰਿਆਂ ਤੋ ਸਵਾਏ ਕੁਝ ਵੀ ਨਹੀਂ ਦਿੱਤਾ। ਖੋਸਲਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਫਾਈ ਸੇਵਕ ਅਤੇ ਸੀਵਰਮੈਨਾਂ ਨੂੰ ਬਿਨਾਂ ਦੇਰੀ ਰੈਗੂਲਰ ਕੀਤਾ ਜਾਵੇ ਕਿਉਂਕਿ ਇਹ ਪੰਜਾਬ ਹੀ ਨਹੀਂ ਸਗੋਂ ਪੂਰੇ ਦੇਸ਼ ਨੂੰ ਸਾਫ ਸੁਥਰਾ ਪ੍ਰਦੂਸ਼ਣ ਰਹਿਤ ਵਾਤਾਵਰਣ ਦੇਣ ਦੇ ਨਾਲ ਭਾਰਤ ਦੇ 140 ਕਰੋੜ ਲੋਕਾਂ ਲਈ ਸਾਫ ਸੁਥਰੀ ਤੇ ਲੰਬੀ ਜ਼ਿੰਦਗੀ ਜੀਊਣ ਵਿਚ ਅਹਿਮ ਰੋਲ ਅਦਾ ਕਰਦੇ ਹਨ । ਖੋਸਲਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਮਾਣਯੋਗ ਗਵਰਨਰ ਪੰਜਾਬ ਨੂੰ ਪੱਤਰ ਲਿਖ ਕੇ ਇਹਨਾਂ ਸਫਾਈ ਸੇਵਕ ਅਤੇ ਸੀਵਰਮੈਨਾਂ ਨੂੰ ਬਿਨਾਂ ਦੇਰੀ ਬਿਨਾਂ ਸ਼ਰਤ ਰੈਗੂਲਰ ਕਰਨ ਦੀ ਬੇਨਤੀ ਕੀਤੀ ਗਈ ਹੈ ਅਤੇ ਬਤੌਰ ਡੈਪੂਟੇਸ਼ਨ ਮਿਲਣ ਲਈ ਸਮੇਂ ਦੀ ਮੰਗ ਵੀ ਕੀਤੀ ਹੈ। ਉਹਨਾਂ ਦੱਸਿਆ ਕਿ ਇਕ ਵੱਖਰਾ ਪੱਤਰ ਲਿਖ ਕੇ ਲੋਕ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਤੋਂ ਵੀ ਮੰਗ ਕੀਤੀ ਗਈ ਹੈ ਕਿ ਪੂਰੇ ਭਾਰਤ ਦੇ ਸਫਾਈ ਸੇਵਕ ਅਤੇ ਸੀਵਰਮੈਨ ਜੋ ਕਿ ਆਪਦੇ ਬੱਚਿਆਂ ਦੀ, ਪਰਵਾਰ ਦੀ ਅਤੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਦੇਸ਼ ਵਾਸੀਆਂ ਨੂੰ ਲੰਬੀ ਜ਼ਿੰਦਗੀ ਜੀਣ ਲਈ ਪ੍ਰਦੂਸ਼ਣ ਰਹਿਤ ਵਾਤਾਵਰਣ ਦਿੰਦੇ ਹਨ ਪਰ ਖੁਦ ਆਪਣੀ ਜ਼ਿੰਦਗੀ ਗੰਦਗੀ ਵਿਚ ਭੋਗ ਰਹੇ ਹਨ ਅਤੇ ਸਭ ਤੋਂ ਵੱਧ ਸੋਸ਼ਣ ਦਾ ਸ਼ਿਕਾਰ ਹਨ। ਸਮੇਂ ਦੀਆਂ ਸਰਕਾਰਾਂ ਅਤੇ ਠੇਕੇਦਾਰੀ ਪ੍ਰਥਾ ਨੇ ਇਹਨਾਂ ਦਾ ਸੋਸ਼ਣ ਕੀਤਾ ਹੈ। ਇਸ ਲਈ ਪਾਰਲੀਮੈਂਟ ਵਿਚ ਇਸ ਮੁੱਦੇ ਨੂੰ ਉਠਾਇਆ ਜਾਵੇ ਤਾਂ ਜੋ ਸਫਾਈ ਸੇਵਕਾਂ ਦੀ ਬਿਨਾਂ ਸ਼ਰਤ ਰੈਗੂਲਰ ਭਰਤੀ ਹੋ ਸਕੇ। ਵਾਲਮੀਕਿ ਸਮਾਜ ਦੇ ਪ੍ਰਧਾਨ ਸਤਪਾਲ ਮੱਟੂ ਨੇ ਵੀ ਕਿਹਾ ਕਿ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਨੂੰ ਵਾਰ-ਵਾਰ ਪੱਕੇ ਹੋਣ ਲਈ ਧਰਨੇ ਮੁਜ਼ਾਹਰੇ ਕਰਨੇ ਪੈਂਦੇ ਹਨ। ਲੇਕਿਨ ਹਰ ਵਾਰ ਝੂਠੇ ਲਾਰੇ ਲਗਾ ਕੇ ਸਾਰ ਦਿੱਤਾ ਜਾਂਦਾ ਹੈ। ਇਸ ਮੌਕੇ ਸੀਨੀਅਰ ਕਾਂਗਰਸ ਆਗੂ ਈਸ਼ਰ ਦਾਸ ਸੇਠੀ, ਅਮਰ ਨਾਥ ਮੱਟੂ, ਬੋਬੀ ਨਾਹਰ, ਵਿਨੋਦ ਸੋਂਧੀ, ਵਿਸ਼ਾਲ ਸੱਭਰਵਾਲ, ਧੀਰਜ ਘਈ, ਨੋਹਰੀ ਰਾਮ ਪ੍ਰਧਾਨ, ਜੋਗਾ ਰਾਮ ਸਕੱਤਰ ਆਦਿ ਵੀ ਹਾਜ਼ਰ ਸਨ।

# ਭੁਲੱਥ 'ਚ ਭਾਰਤੀ ਕਿਸਾਨ ਯੂਨੀਅਨ ਖੋਸਾ ਦੀ ਮਹੀਨਾਵਾਰ ਮੀਟਿੰਗ



ਭੁਲੱਥ (ਮਨਪ੍ਰੀਤ ਸਿੰਘ)-ਸਬ ਡਵੀਜ਼ਨ ਕਸਬਾ ਭੁਲੱਥ 'ਚ ਭਾਰਤੀ ਕਿਸਾਨ ਯੂਨੀਅਨ ਖੋਸਾ (ਰਜਿ:) ਦੀ ਮੀਟਿੰਗ ਗੁਰਦੁਆਰਾ ਸੁਖ ਸਾਗਰ ਸਾਹਿਬ ਬੇਰੀਆਂ ਵਾਲਾ ਰਾਜਪੁਰ ਵਿਖੇ ਮੀਤ ਪ੍ਰਧਾਨ ਪੰਜਾਬ ਸੁਰਿੰਦਰ ਸਿੰਘ ਸ਼ੇਰਗਿੱਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸਰਕਾਰ ਕੋਲੋਂ ਮੰਗਾਂ ਤੇ ਕਿਸਾਨੀ ਮੁੱਦਿਆਂ 'ਤੇ ਵਿਚਾਰਾਂ ਹੋਈਆਂ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਕਿਸਾਨ ਆਗੂਆਂ ਵਲੋਂ ਜੋ ਹਰਿਆਣੇ ਦੇ ਬਾਰਡਰਾਂ ਸ਼ੰਭੂ ਅਤੇ ਖਨੌਰੀ ਵਿਖੇ ਮੋਰਚਾ ਗੈਰ ਰਾਜਨੀਤਿਕ ਜਥੇਬੰਦੀਆਂ ਨੇ ਲਗਾਇਆ ਹੋਇਆ ਹੈ, ਨੂੰ ਤੇਜ਼ ਕਰਨ 'ਤੇ ਵਿਚਾਰ ਵਟਾਂਦਰਾ ਹੋਇਆ। ਇਸ ਮੌਕੇ ਯੂਨੀਅਨ ਦੇ ਕਿਸਾਨ ਆਗੂਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਝੋਨਾ ਪੱਕ ਕੇ ਤਿਆਰ ਹੋ ਗਿਆ ਹੈ ਤੇ ਇਸ ਕਰਕੇ ਯੂਨੀਅਨ ਮੰਗ ਕਰਦੀ ਹੈ ਕਿ ਝੋਨੇ ਦੀ ਖਰੀਦ 25 ਤਰੀਕ ਤੋਂ ਚਾਲੂ ਕੀਤੀ ਜਾਵੇ ਅਤੇ 25 ਸਤੰਬਰ ਤੋਂ ਮੰਡੀਆਂ ਵਿੱਚ ਸਾਰੇ ਖਰੀਦ ਦੇ ਪ੍ਰਬੰਧ ਮੁਕੰਮਲ ਕੀਤੇ ਜਾਣ ਜਿਵੇਂ ਕਿ ਬਾਰਦਾਨੇ ਦਾ ਪ੍ਰਬੰਧ, ਪੀਣ ਵਾਲੇ ਪਾਣੀ ਦਾ ਪ੍ਰਬੰਧ ਤੇ ਖਰੀਦੇ ਗਏ ਝੋਨੇ ਦਾ ਭੁਗਤਾਨ 24 ਘੰਟਿਆਂ ਦੇ ਅੰਦਰ ਕਿਸਾਨਾਂ ਦੇ ਖਾਤੇ ਵਿੱਚ ਪਾਈ ਜਾਵੇ। ਇਸ ਤੋਂ ਇਲਾਵਾ ਕਿਸਾਨ ਆਗੂਆਂ ਨੇ ਕਿਹਾ ਕਿ ਯੂਨੀਅਨ ਮੰਗ ਕਰਦੀ ਹੈ ਕਿ ਬਾਸਮਤੀ ਦੀ ਐਮ.ਐਸ.ਪੀ ਮਹਿੰਗਾਈ ਸੂਚਕ ਅੰਕ ਨਾਲ ਜੋੜ ਕੇ ਐਲਾਨੀ ਜਾਵੇ ਤੇ ਖਰੀਦ ਦੀ ਵਸੂਲੀ ਦੀ ਗਰੰਟੀ ਦਿੱਤੀ ਜਾਵੇ ਤਾਂ ਜੋ ਜ਼ਿਮੀਦਾਰ ਝੋਨੇ ਨੂੰ ਛੱਡ ਕੇ ਬਾਸਮਤੀ ਦੀ ਬਿਜਾਈ ਕਰਨ, ਜਿਸ ਕਰਕੇ ਜ਼ਮੀਨ ਹੇਠਲੇ ਪਾਣੀ ਦੀ ਬੱਚਤ ਹੋ ਸਕੇ। ਇਸ ਮੌਕੇ ਮੀਟਿੰਗ ਦੌਰਾਨ ਫਕੀਰ ਸਿੰਘ ਜ਼ਿਲਾ ਸੀਨੀਅਰ ਮੀਤ ਪ੍ਰਧਾਨ, ਦਲਵੀਰ ਸਿੰਘ ਖੱਸਣ, ਗੁਰਮੀਤ ਸਿੰਘ ਖੱਸਣ, ਜਨਕ ਰਾਜ ਖੱਸਣ, ਅਜੀਤ ਸਿੰਘ ਖੱਸਣ, ਹਰਜੀਤ ਸਿੰਘ ਕਮਰਾਏ, ਗੁਰਚਰਨ ਸਿੰਘ ਖੱਸਣ, ਸਤਨਾਮ ਸਿੰਘ ਖੱਸਣ, ਮਨਜੀਤ ਸਿੰਘ ਖੱਸਣ, ਦਲਜੀਤ ਸਿੰਘ ਲਿੱਟਾਂ, ਆਜਾਦ ਸਿੰਘ ਲਿੱਟਾਂ, ਗੁਰਦੀਪ ਸਿੰਘ ਲਿੱਟਾਂ, ਦਲਜਿੰਦਰ ਸਿੰਘ ਲਿੱਟਾਂ ਸਤਪਾਲ ਸਿੰਘ ਲਿੱਟਾਂ ਜਸਵੀਰ ਸਿੰਘ, ਗੁਰਦੀਪ ਸਿੰਘ, ਬਲਜਿੰਦਰ ਸਿੰਘ ਖੱਸਣ, ਬਲਵੀਰ ਸਿੰਘ, ਅਜੀਤ ਸਿੰਘ ਲਿਟਾਂ ਹਾਜ਼ਰ ਸਨ।

# ਹੈਰੋਇਨ ਸਮੇਤ ਕਾਬੂ



ਬੰਗਾ (ਅਵਤਾਰ ਕਲੇਰ)- ਥਾਣਾ ਸਦਰ ਬੰਗਾ ਵੱਲੋਂ ਮਾੜੇ ਅਨਸਰਾਂ ਅਤੇ ਨਸ਼ਿਆਂ ਖਿਲਾਫ ਛੇੜੀ ਮੁਹਿਮ ਤਹਿਤ ਪੁਲਸ ਪਾਰਟੀ ਪਿੰਡ ਮੱਲੂਪੋਤਾ ਤੋਂ ਪਿੰਡ ਲੱਖਪੁਰ ਨੂੰ ਜਾ ਰਹੀ ਸੀ ਤਾਂ ਲੱਖਪੁਰ ਦੇ ਨਜ਼ਦੀਕ ਸੈਲਰ ਦੀ ਕੰਧ ਦੇ ਨਾਲ ਇੱਕ ਵਿਅਕਤੀ ਪੈਦਲ ਆ ਰਿਹਾ ਸੀ ਜਿਸ ਨੇ ਪੁਲਿਸ ਦੀ ਗੱਡੀ ਨੂੰ ਆਉਂਦੇ ਦੇਖ ਕੇ ਆਪਣੇ ਹੱਥ ਵਿਚ ਫੜੀ ਇੱਕ ਪਾਰਦਰਸ਼ੀ ਮੋਮੀ ਲਿਫਾਫੀ ਫੁਰਤੀ ਨਾਲ ਕੰਧ ਦੇ ਕਿਨਾਰੇ ਘਾਹ ਫੂਸ ਵਿੱਚ ਸੁੱਟ ਦਿੱਤੀ ਤੇ ਆਪ ਪਿਛਾਂਹ ਨੂੰ ਮੁੜ ਗਿਆ।ਜਿਸ ਨੂੰ ਪੁਲਿਸ ਨੇ ਕਾਬੂ ਕਰ ਲਿਆ ਅਤੇ ਉਸ ਨੇ ਆਪਣਾ ਨਾਂਅ ਕੁਲਵਿੰਦਰ ਸਿੰਘ ਉਰਫ ਅਮਨ ਪੁੱਤਰ ਮਹਿੰਦਰ ਰਾਮ ਵਾਸੀ ਪਿੰਡ ਲੱਖਪੁਰ ਥਾਣਾ ਸਦਰ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੱਸਿਆ। ਜਿਸ ਵਲੋਂ ਸੁੱਟੀ ਹੋਈ ਮੋਮੀ ਲਿਫਾਫੀ ਨੂੰ ਚੁੱਕ ਕੇ ਚੈੱਕ ਕੀਤਾ ਤਾਂ ਇਸ ਵਿੱਚੋਂ 4 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਸਦਰ ਬੰਗਾ ਪੁਲਿਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਆਪਣਾ ਆਲਾ-ਦੁਆਲਾ ਸਾਫ਼-ਸੁਥਰਾ ਰੱਖਣਾ ਸਾਡਾ ਫਰਜ਼ ਬਣਦਾ : ਅਨਮਜੋਤ ਕੌਰ



ਭਲਾਣ (ਹਰਭਜਨ ਢਿੱਲੋਂ) ਆਪਣਾ ਆਲਾ-ਦੁਆਲਾ, ਜਿੱਥੇ ਅਸੀਂ ਰਹਿੰਦੇ ਹਾਂ, ਨੂੰ ਸਾਫ-ਸੁਥਰਾ ਰੱਖਣਾ ਅਤਿ ਜ਼ਰੂਰੀ ਹੈ। ਜੇਕਰ ਸਾਡਾ ਆਲਾ-ਦੁਆਲਾ ਸਾਫ-ਸੁਥਰਾ ਹੋਵੇਗਾ ਤਾਂ ਹੀ ਅਸੀਂ ਬਿਮਾਰੀਆਂ ਤੋਂ ਮੁਕਤ ਹੋ ਕੇ ਤੰਦਰੁਸਤ ਰਹਾਂਗੇ। ਜੇਕਰ ਅਸੀਂ ਆਪਣਾ ਆਲਾ ਦੁਆਲਾ ਸਾਫ ਸੁਥਰਾ ਰੱਖਣਾ ਸ਼ੁਰੂ ਕਰ ਦਿੱਤਾ ਤਾਂ ਸਾਡਾ ਪਿੰਡ, ਸ਼ਹਿਰ, ਕਸਬਾ ਅਤੇ ਜ਼ਿਲ੍ਹਾ ਸਭ ਹੀ ਸਾਫ਼ ਸੁਥਰੇ ਆਪਣੇ ਆਪ ਹੋ ਜਾਣਗੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਨਮਜੋਤ ਕੌਰ ਉਪ ਮੰਡਲ ਮੈਜਿਸਟ੍ਰੇਟ ਨੰਗਲ ਨੇ 17 ਸਤੰਬਰ ਤੋਂ ਲੈ ਕੇ 2 ਅਕਤੂਬਰ ਤੱਕ ਸਵੱਛਤਾ ਹੀ ਸੇਵਾ 2024 ਮੁਹਿੰਮ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਮੀਟਿੰਗ ਕਰਦਿਆਂ ਕੀਤਾ।ਉਨ੍ਹਾਂ ਨੇ ਕਿਹਾ ਕਿ ਸਵੱਛ ਭਾਰਤ ਬਹੁਤ ਹੀ ਅਹਿਮ ਮੁਹਿੰਮ ਹੈ ਜਿਸ ਵਿੱਚ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿੱਚ ਰਹਿਣ ਵਾਲੀਆਂ ਦੀ ਭਾਗੀਦਾਰੀ ਰਾਹੀਂ ਆਪਣੇ ਸ਼ਹਿਰਾਂ, ਘਰਾਂ ਅਤੇ ਪਿੰਡਾਂ ਨੂੰ ਸਾਫ-ਸੁਥਰਾ ਬਣਾ ਕੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾ ਸਕਦਾ ਹੈ।ਉਨ੍ਹਾਂ ਇਲਾਕਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਅਭਿਆਨ ਤਹਿਤ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਪੰਚਾਇਤਾਂ ਅਤੇ ਯੂਥ ਕਲੱਬਾਂ ਦੇ ਸਹਿਯੋਗ ਨਾਲ ਸਫਾਈ ਕੀਤੀ ਜਾਵੇਗੀ ਅਤੇ ਆਲੇ ਦੁਆਲੇ ਦੀ ਸਫਾਈ ਦਾ ਧਿਆਨ ਰੱਖਣ ਲਈ ਜਾਗਰੂਕ ਵੀ ਕੀਤਾ ਜਾਵੇਗਾ। ਇਸ ਮੌਕੇ ਇਸ਼ਾਨ ਚੌਧਰੀ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਮਨਵੀਰ ਸਿੰਘ ਕਾਰਜ ਸਾਧਕ ਅਫਸਰ, ਸੁਰਿੰਦਰਪਾਲ ਸਕੱਤਰ ਮਾਰਕੀਟ ਕਮੇਟੀ, ਹਰਜੋਤ ਸਿੰਘ ਵਾਲੀਆ ਬੀਬੀਐਮਬੀ, ਡਾ.ਦਿਨੇਸ਼ ਕੁਮਾਰ, ਪੁਸ਼ਪਾ ਦੇਵੀ, ਅਨਮੋਲ ਬੰਸਲ ਆਦਿ ਹਾਜ਼ਰ ਸਨ।

# ਆਟਾ ਚੱਕੀ ਦੀ ਮੋਟਰ ਚੋਰੀ

ਭੋਗਪੁਰ, (ਗੁਰਪ੍ਰੀਤ ਸਿੰਘ ਭੋਗਲ) ਇਲਾਕੇ ਵਿੱਚ ਆਏ ਦਿਨੀ ਚੋਰਾਂ ਵੱਲੋਂ ਬੇਖ਼ੌਫ਼ ਕੀਤੀਆਂ ਜਾ ਰਹੀਆਂ ਚੋਰੀਆਂ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਨੇ ਲੋਕਾਂ ਵਿਚ ਸਹਿਮ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ।ਰਾਤ ਸਮੇਂ ਲੁਟੇਰਿਆਂ ਵੱਲੋਂ ਰਾਹ ਜਾਂਦੇ ਲੋਕਾਂ ਨੂੰ ਲੁੱਟ ਲੈਣਾ ਆਮ ਜਿਹੀ ਗੱਲ ਹੋ ਗਈ ਹੈ।ਤਾਜ਼ਾ ਵਾਪਰੀ ਘਟਨਾ ਜਿਸ ਵਿੱਚ ਚੋਰਾਂ ਵੱਲੋਂ, ਭੋਗਪੁਰ ਦੇ ਨਜ਼ਦੀਕ ਪੈਂਦੇ ਪਿੰਡ ਰਾਸਤਗੋ ਵਿਖੇ ਇੱਕ ਗਰੀਬ ਵਿਅਕਤੀ ਦੀ ਆਟਾ ਚੱਕੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਚੋਰਾਂ ਵੱਲੋਂ ਰਾਤ ਦੇ ਸਮੇਂ ਚੋਰੀ ਦੀ ਵਾਰਦਾਤ ਨੂੰ ਅੰਜ਼ਾਮ ਦਿੰਦਿਆਂ ਚੱਕੀ ਦੀ ਵੱਡੀ ਮੋਟਰ ਜਿਸ ਦੀ ਕੀਮਤ ਤਕਰੀਬਨ ਮਾਲਕ ਵੱਲੋਂ 50 ਹਜਾਰ ਦੇ ਕਰੀਬ ਦੱਸੀ ਜਾ ਰਹੀ ਹੈ ਅਤੇ ਹੋਰ ਨਗਦੀ ਤੋਂ ਇਲਾਵਾ ਹੋਰ ਸਮਾਨ ਲੈ ਕੇ ਫਰਾਰ ਹੋ ਗਏ, ਇਸ ਤੋਂ ਇਲਾਵਾ ਚੱਕੀ ਦੇ ਮਾਲਕ ਨੇ ਦੱਸਿਆ ਕਿ ਉਹ ਇਸ ਚੋਰੀ ਦੀ ਸੂਚਨਾ ਸਵੇਰੇ 11 ਵਜੇ ਦੇ ਕਰੀਬ ਥਾਣਾ ਭੋਗਪੁਰ ਵਿਖੇ ਦੇ ਕੇ ਆਇਆ ਪਰ ਸ਼ਾਮ ਦੇ 6 ਵਜੇ ਤੱਕ ਕੋਈ ਵੀ ਪੁਲਸ ਅਧਿਕਾਰੀ ਮੌਕਾ ਦੇਖਣ ਨਹੀਂ ਪਹੁੰਚਿਆ। ਇਸ ਮੌਕੇ ਜਦ ਭੋਗਪੁਰ ਪੁਲਸ ਪ੍ਰਸ਼ਾਸਨ ਨਾਲ ਗੱਲਬਾਤ ਕੀਤੀ ਉਹਨਾਂ ਕਿਹਾ ਕਿ ਇਸ ਸੰਬੰਧੀ ਦਰਖਾਸਤ ਆਈ ਹੋਈ ਸੀ, ਪਰ ਆਦਮਪੁਰ ਧਰਨੇ ਤੇ ਪੁਲਸ ਪ੍ਰਸ਼ਾਸਨ ਦੀ ਡਿਊਟੀ ਲੱਗੀ ਹੋਈ ਸੀ।ਉਹਨਾਂ ਕਿਹਾ ਕਿ ਜਲਦ ਤੋਂ ਜਲਦ ਚੋਰਾਂ ਤੱਕ ਪਹੁੰਚ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗ

# ਚੂਹੇ ਕੀ 'ਚ ਦੋ ਦਿਨਾਂ ਖੇਡਾਂ ਦੀ ਸ਼ੁਰੂਆਤ



ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ) ਨੂਰਮਹਿਲ ਦੇ ਬਲਾਕ ਸਿੱਖਿਆ ਅਧਿਕਾਰੀ ਚਮਨ ਲਾਲ ਵੱਲੋਂ ਸੈਂਟਰ ਸਕੂਲ ਚੂਹੇ ਕੀ ਵਿੱਚ ਦੋ ਦਿਨਾਂ ਖੇਡਾਂ ਦਾ ਉਦਘਾਟਨ ਕੀਤਾ ਗਿਆ।ਕਰਵਾਈਆਂ ਜਾ ਰਹੀਆਂ ਖੇਡਾਂ ਵਿੱਚ ਚੂਹੇਕੀ, ਜਾਗੋ ਸੰਘਾ, ਭੰਡਾਲ ਬੂਟਾਂ ਭੰਡਾਲ ਹਿੰਮਤ, ਕੋਟਲਾ, ਪੱਬਵਾਂ, ਸਿੱਧਮ ਮੁਸਤੱਦੀ, ਆਦਿ ਪਿੰਡਾਂ ਦੇ ਸਕੂਲੀ ਵਿਦਿਆਰਥੀ ਹਿੱਸਾ ਲੈ ਰਹੇ ਹਨ। ਇਸ ਮੌਕੇ ਲੜਕਿਆਂ ਦੇ ਕਬੱਡੀ, ਰੱਸਾਕਸ਼ੀ, ਸ਼ਾਟ ਪੁੱਟ, ਖੋਹ-ਖੋਹ ਸਤਰੰਜ ਆਦਿ ਦੇ ਮੁਕਾਬਲੇ ਕਰਵਾਏ ਗਏ। ਅਖੀਰਲੇ ਦਿਨ ਲੜਕੀਆਂ ਦੇ ਖੇਡ ਮੁਕਾਬਲੇ ਕਰਵਾਏ ਜਾਣਗੇ।ਇਸ ਮੌਕੇ ਬਲਾਕ ਸਿੱਖਿਆ ਅਧਿਕਾਰੀ ਚਮਨ ਲਾਲ ਤੋਂ ਇਲਾਵਾ ਨਰੇਸ਼ ਕੁਮਾਰ, ਮਨੀਸ਼ ਮੋਹਨ, ਨਰੇਸ਼ ਕੁਮਾਰ ਹੈਡ ਟੀਚਰ, ਸਕੂਲ ਟੀਚਰ ਜਸਵੀਰ ਕੌਰ, ਰਵਿੰਦਰਜੀਤ ਕੌਰ, ਹਰਪ੍ਰੀਤ, ਸ਼ੈਲੀ, ਕ੍ਰਿਸ਼ਨ ਕੁਮਾਰ, ਰਤਨਦੀਪ ਆਦਿ ਵੀ ਹਾਜ਼ਰ ਸਨ।

# ਜਸਵੀਰ ਰਾਜਾ ਨੇ ਖੇਡ ਪਾਰਕ ਦੇ ਨਿਰਮਾਣ ਕਾਰਜ ਦਾ ਕੀਤਾ ਉਦਘਾਟਨ



ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਸੂਬਾ ਸਰਕਾਰ ਵੱਲੋਂ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਨਾਲ-ਨਾਲ ਵਿਦਿਆਰਥੀਆਂ ਦੀ ਹਰੇਕ ਸਹੂਲਤ ਦਾ ਧਿਆਨ ਰੱਖਿਆ ਜਾ ਰਿਹਾ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਸਰਕਾਰੀ ਮਿਡਲ ਸਕੂਲ ਝਾਂਸ ਵਿਖੇ ਹੋਏ ਇੱਕ ਸਮਾਗਮ ਦੌਰਾਨ ਕੀਤਾ।ਇਸ ਮੌਕੇ ਵਿਧਾਇਕ ਰਾਜਾ ਗਿੱਲ ਨੇ ਕਰੀਬ 9 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਜਾ ਰਹੇ ਖੇਡ ਪਾਰਕ ਦੇ ਕਾਰਜ ਦੀ ਆਰੰਭਤਾ ਦਾ ਨੀਂਹ ਪੱਥਰ ਰੱਖਿਆ। ਵਿਧਾਇਕ ਜਸਵੀਰ ਸਿੰਘ ਰਾਜਾ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜੋ ਕੰਮ ਸਰਕਾਰ ਨੇ ਮਹਿਜ਼ ਦੋ ਸਾਲ ਦੇ ਕਾਰਜਕਾਰ ਵਿੱਚ ਕੀਤੇ ਹਨ ਉਹ ਪੰਜਾਬ ਵਿੱਚ ਲੰਬਾ ਸਮਾਂ ਰਾਜ ਕਰਕੇ ਗਈਆਂ ਵੱਖ-ਵੱਖ ਸਿਆਸੀ ਪਾਰਟੀਆਂ ਨੇ ਨਹੀਂ ਕੀਤੇ।ਉਹਨਾਂ ਹੋਰ ਕਿਹਾ ਕਿ ਸਰਕਾਰ ਵੱਲੋਂ ਖੇਡਾਂ ਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਦੇ ਨਾਲ ਨਾਲ ਦਵਾਈਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਨਾਲ ਕਈ ਹੋਣਹਾਰ ਖਿਡਾਰੀ ਉਭਰ ਕੇ ਸਾਹਮਣੇ ਆਏ ਹਨ।

ਇਸ ਮੌਕੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਬੀ ਡੀ ਪੀ ਓ ਟਾਂਡਾ ਰਾਜਵਿੰਦਰ ਕੌਰ, ਸਕੂਲ ਮੁਖੀ ਨਰਿੰਦਰ ਅਰੋੜਾ, ਸਰਪੰਚ ਮਨਿੰਦਰ ਚੌਹਾਨ, ਨੰਬਰਦਾਰ ਜਗਜੀਤ ਸਿੰਘ ਜੀਤਾ ਚੌਹਾਨ, ਗੀਤਕਾਰ ਸੁਖਜੀਤ ਝਾਂਸਾਂ ਵਾਲਾ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ, ਐਸ ਐਮ ਸੀ ਚੇਅਰ ਪਰਸਨ ਰਜਵੰਤ ਕੌਰ, ਕਸ਼ਮੀਰ ਕੌਰ, ਮੈਡਮ ਮਨਜੀਤ ਕੌਰ, ਪੰਕਜ ਰਾਣੀ, ਵਰਿੰਦਰ ਕੁਮਾਰ, ਅਮਨ, ਪਲਵੀ ਵੀ ਹਾਜ਼ਰ ਸਨ।

# ਪੀ ਡਬਲਯੂ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਦੀ 16-17 ਨਵੰਬਰ ਨੂੰ ਹੋ ਰਹੀ ਸੂਬਾਈ ਕਾਨਫਰੰਸ ਲਈ ਕਮੇਟੀ



ਜਲੰਧਰ (ਰਾਜੇਸ਼ ਥਾਪਾ) ਪੰਜਾਬ ਦੇ ਜਲ ਸਪਲਾਈ, ਸੀਵਰੇਜ, ਭਵਨ ਨਿਰਮਾਣ , ਸਿੰਚਾਈ ਅਤੇ ਲਘੂ ਉਦਯੋਗ ਯੋਗ ਦੇ ਮੁਲਾਜ਼ਮਾਂ ਦੀ ਸਿਰਮੌਰ ਅਤੇ ਸੰਘਰਸ਼ਸ਼ੀਲ ਜਥੇਬੰਦੀ ਦੀ 16ਵੀਂ ਸੂਬਾ ਪੱਧਰੀ ਕਾਨਫਰੰਸ 16-17 ਨਵੰਬਰ ਨੂੰ ਜਲੰਧਰ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ।ਇਸ ਕਾਨਫਰੰਸ ਲਈ ਸਵਾਗਤੀ ਕਮੇਟੀ ਦਾ ਗਠਨ ਕੀਤਾ ਗਿਆ। ਸਵਾਗਤੀ ਕਮੇਟੀ ਦੇ ਗਠਨ ਬਾਰੇ ਜਾਣਕਾਰੀ ਦਿੰਦਿਆਂ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਜੋਨ ਜਲੰਧਰ ਕਪੂਰਥਲਾ ਦੇ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਸੇਖੋਂ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸਵਾਗਤੀ ਕਮੇਟੀ ਦੇ ਚੇਅਰਮੈਨ ਤੀਰਥ ਸਿੰਘ ਬਾਸੀ, ਵਾਇਸ ਚੇਅਰਮੈਨ ਡਾ. ਤੇਜਿੰਦਰ ਸਿੰਘ ਵਿਰਲੀ, ਡਾ. ਰਘਬੀਰ ਕੌਰ, ਮੈਡਮ ਅਵਤਾਰ ਕੌਰ ਬਾਸੀ, ਮੈਡਮ ਬਲਵੀਰ ਕੌਰ ਬਾਂਸਲ, ਪ੍ਰਵੀਨ ਕੁਮਾਰ, ਜਸਵਿੰਦਰ ਸਿੰਘ ਢੇਸੀ, ਬਲਵਿੰਦਰ ਕੁਮਾਰ, ਸਿਵ ਕੁਮਾਰ ਤਿਵਾੜੀ, ਕਰਨੈਲ ਫਿਲੌਰ ਕੁਲਦੀਪ ਵਾਲੀਆ, ਸਕੱਤਰ ਪ੍ਰੇਮ ਖਲਵਾੜਾ, ਪ੍ਰੈਸ ਸਕੱਤਰ ਕੁਲਦੀਪ ਸਿੰਘ ਕੌੜਾ, ਕੈਸ਼ੀਅਰ ਅਕਲ ਚੰਦ ਸਿੰਘ, ਸੀਨੀਅਰ ਮੀਤ ਪ੍ਰਧਾਨ ਤਰਸੇਮ ਮਾਧੋਪੁਰੀ, ਸਹਾਇਕ ਸਕੱਤਰ ਮਨਜਿੰਦਰ ਸਿੰਘ ਤਲਵਣ, ਜਥੇਬੰਦਕ ਸਕੱਤਰ ਰਘਬੀਰ ਸਿੰਘ ਸਮੇਤ 85 ਮੈਂਬਰੀ ਕਮੇਟੀ ਬਣਾਈ ਗਈ।

# ਰਾਮ ਲੀਲ੍ਹਾ ਨਾਟਕ 2 ਤੋਂ

ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ) ਰਾਮਾ ਡਰਾਮਾਟਿਕ ਕਲੱਬ ਰਜਿ: ਨੂਰਮਹਿਲ ਵੱਲੋਂ ਦੁਸਹਿਰੇ ਦੇ ਸ਼ੁੱਭ ਤਿਉਹਾਰ ਮੌਕੇ ਰਾਮ ਲੀਲਾ ਨਾਟਕ 2 ਅਕਤੂਬਰ ਤੋਂ 13 ਅਕਤੂਬਰ ਤੱਕ ਕਰਵਾਏ ਜਾ ਰਹੇ ਹਨ।ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਭੂਸ਼ਨ ਸ਼ਰਮਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਹ ਨਾਟਕ ਨੂਰਮਹਿਲ ਦੇ ਰਾਏ ਸਾਹਿਬ ਗਰਾਊਂਡ ਵਿਚ ਕਰਵਾਏ ਜਾ ਰਹੇ ਹਨ।ਜਿਸ ਦੀ ਸ਼ੁਰੂਆਤ 2 ਅਕਤੂਬਰ ਨੂੰ ਹੋ ਰਹੀ ਹੈ।ਇਸ ਮੌਕੇ ਦੀਪਕ ਕੁਮਾਰ ਦੀਪੂ ਕੌਂਸ਼ਲਰ, ਵਿਨੇ ਗਿੱਲ ਅਤੇ ਹੋਰ ਕਲੱਬ ਦੇ ਮੈਂਬਰ ਹਾਜ਼ਰ ਸਨ।ਕੌਂਸ਼ਲਰ ਦੀਪਕ ਕੁਮਾਰ ਦੀਪੂ ਨੇ ਦੱਸਿਆ ਕਿ ਇਨ੍ਹਾਂ ਨਾਟਕਾਂ ਵਿੱਚ ਸੁਰਿੰਦਰ ਪਾਲ ਨੀਲਾ, ਸ਼ਸ਼ੀ ਭੂਸ਼ਨ ਪਾਸੀ, ਅਸ਼ੋਕ ਬਿਆਸ, ਸੁਰਿੰਦਰ ਡੋਲ, ਰਾਜ ਕੁਮਾਰ ਗੋਗਨਾ ਅਤੇ ਹਰੀਸ਼ ਅਰੋੜਾ ਦਾ ਵਿਸ਼ੇਸ਼ ਯੋਗਦਾਨ ਰਹੇਗਾ।

# ਬੀਬੀ ਸ਼ਰੀਫਾਂ ਉਦੇਸੀਆਂ ਵਾਲੇ ਅਕਾਲ ਚਲਾਣਾ ਕਰ ਗਏ !

ਆਦਮਪੁਰ (ਪਰਮਜੀਤ ਸਿੰਘ)-ਆਦਮਪੁਰ ਦੇ ਨਜ਼ਦੀਕ ਪਿੰਡ ਉਦੇਸੀਆਂ ਦੇ ਦਰਬਾਰ ਹਜਰਤ ਬਾਬਾ ਸ਼ਾਹ ਕਮਾਲ ਜੀ ਹਰੀਪੁਰ ਅਤੇ ਸਾਈਂ ਜੁਲਮੇ ਸ਼ਾਹ ਉਦੇਸੀਆਂ ਦੇ ਗੱਦੀ ਨਸ਼ੀਨ ਸੱਯਦ ਫਕੀਰ ਬੀਬੀ ਸ਼ਰੀਫਾਂ ਜੀ ਲੱਖਾਂ ਸੰਗਤਾਂ ਨੂੰ ਪ੍ਰਮਾਤਮਾ ਨਾਲ ਜੋੜਨ ਵਾਲੇ 20 ਸਤੰਬਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਸੱਚਖੰਡ ਚਲਾਣਾ ਕਰ ਗਏ।

# ਜੋਗਰਾਜ ਸਿੰਘ ਤੇ ਟਰੱਕ ਯੂਨੀਅਨ ਗੜ੍ਹਸ਼ੰਕਰ ਦੇ ਆਗੂ ਸਾਧੂ ਰਾਮ ਰੋੜੀ ਦੀ ਅਗਵਾਈ 'ਚ ਆਪ' ਚ ਸ਼ਾਮਲ



ਮਾਹਿਲਪੁਰ (ਸ.ਫ਼ਰੀ)-ਆਮ ਆਦਮੀ ਪਾਰਟੀ ਹਲਕਾ ਗੜ੍ਹਸ਼ੰਕਰ ਨੂੰ ਉਸ ਸਮੇਂ ਭਾਰੀ ਬਲ ਮਿਲਿਆ ਜਦੋਂ ਹਲਕੇ ਨਾਲ ਸਬੰਧਿਤ ਪਿੰਡ ਸੈਲਾ ਕਲਾਂ ਦੇ ਭਾਜਪਾ ਆਗੂ ਇੰਸਪੈਕਟਰ ਜੋਗਰਾਜ ਸਿੰਘ ਤੇ ਨਵਜੀਤ ਸਿੰਘ ਕੰਗ ਤੇ ਟਰੱਕ ਯੂਨੀਅਨ ਗੜ੍ਹਸ਼ੰਕਰ ਦੇ ਆਗੂ ਸਾਧੂ ਰਾਮ ਸਮੇਤ ਕਈ ਨੌਜਵਾਨਾਂ ਨੇ ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਨੂੰ ਜੁਆਇਨ ਕੀਤਾ।ਆਪ 'ਚ ਸ਼ਾਮਲ ਹੋਏ ਇੰਸਪੈਕਟਰ ਜੋਗਰਾਜ ਸਿੰਘ ਤੇ ਸਾਧੂ ਰਾਮ ਨੇ ਕਿਹਾ ਕਿ ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ ਬਿਨਾ ਕਿਸੇ ਭੇਦ ਭਾਵ ਤੋਂ ਹਲਕੇ ਦਾ ਵਿਕਾਸ ਕਰ ਰਹੇ ਹਨ, ਜਿਸ ਕਰਕੇ ਉਹ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਹਨ।ਇਸ ਮੌਕੇ ਚਰਨਜੀਤ ਸਿੰਘ ਚੰਨੀ, ਸੋਨੂੰ ਭੁੱਲਰ, ਰਣਜੀਤ ਸਿੰਘ ਕੰਗ, ਗਗਨਦੀਪ ਸਿੰਘ, ਦਵਿੰਦਰ ਸਿੰਘ ਹਾਜ਼ਰ ਸਨ।

# ਅੱਪਰਾ ਵਿਖੇ ਸੰਤ ਸਤਿਨਾਮ ਦੀ ਬਰਸੀ 'ਤੇ ਖ਼ੂਨਦਾਨ ਕੈਂਪ 24 ਨੂੰ

ਅੱਪਰਾ (ਨਿਰਮਲ ਗੁੜਾ)-ਧੰਨ ਧੰਨ ਸੰਤ ਸਤਿਨਾਮ ਜੀ ਮਹਾਰਾਜ ਜੀ ਦੀ 78ਵੀਂ ਬਰਸੀ ਦੇ ਸੰਬੰਧ ਵਿੱਚ ਚੌਥਾ ਖ਼ੂਨਦਾਨ ਕੈਂਪ 24 ਸਤੰਬਰ ਦਿਨ ਮੰਗਲਵਾਰ ਨੂੰ ਡੇਰਾ ਸੰਤ ਟਹਿਲ ਦਾਸ, ਸਤਿਨਾਮ ਚੌਂਕ ਅੱਪਰਾ ਵਿਖੇ ਲਗਾਇਆ ਜਾਵੇਗਾ। ਡੇਰੇ ਦੇ ਸੰਚਾਲਕ ਸੰਤ ਆਤਮਾ ਦਾਸ ਦੀ ਅਗਵਾਈ ਹੇਠ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਵਲੋਂ ਗੁਰਾਇਆ ਬਲੱਡ ਸੇਵਾ ਅਤੇ ਪੁਨਰ ਆਈ ਜੋਤ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਸੁਸਾਇਟੀ ਦੇ ਕਨਵੀਨਰ ਹੈਪੀ ਮਾਹੀ ਅਤੇ ਟੀਮ ਦੀ ਦੇਖ ਰੇਖ ਹੇਠ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ। ਮਿਤੀ 24 ਸਤੰਬਰ ਨੂੰ ਸ਼੍ਰੀ ਅਖੰਡ ਪਾਠ ਅਰੰਭ ਹੋਣਗੇ ਅਤੇ 26 ਸਤੰਬਰ ਨੂੰ ਭੋਗ ਪੈਣ ਉਪਰੰਤ ਮਹਾਂਪੁਰਸ਼ ਪ੍ਰਬਚਨ ਕਰਨਗੇ ਅਤੇ ਕੀਰਤਨੀ ਜਥੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ। ਮਿਤੀ 24 ਸਤੰਬਰ ਨੂੰ ਸ਼੍ਰੀ ਅਖੰਡ ਪਾਠ ਅਰੰਭ ਹੋਣਗੇ ਅਤੇ 26 ਸਤੰਬਰ ਨੂੰ ਭੋਗ ਪੈਣ ਉਪਰੰਤ ਮਹਾਂਪੁਰਸ਼ ਪ੍ਰਬਚਨ ਕਰਨਗੇ ਅਤੇ ਕੀਰਤਨੀ ਜਥੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ। ਪ੍ਰਬੰਧਕਾਂ ਨੇ ਸਮੂਹ ਸੰਗਤ ਨੂੰ ਸਮਾਗਮ ਵਿਚ ਪਹੁੰਚਣ ਦੀ ਅਪੀਲ ਕੀਤੀ।

# ਸਮਾਂ ਰਹਿੰਦੇ ਨਾਮ ਸਿਮਰਨ ਕਰੋ ਤਾਂ ਕਿ ਭਟਕ ਰਹੀ ਰੂਹ ਆਪਣੇ ਅਸਲੀ ਧਾਮ ਪਹੁੰਚ ਸਕੇ : ਬਾਬਾ ਸ਼ੇਰ ਸਿੰਘ



ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)- ਇਨਸਾਨੀ ਜ਼ਾਮਾਂ ਮਾਲਕ ਵੱਲੋਂ ਇਸ ਲਈ ਬਖਸ਼ਿਆ ਗਿਆ ਸੀ ਤਾਂ ਕਿ ਸਤਿਗੁਰੂ ਵੱਲੋਂ ਬਖ਼ਸ਼ੇ ਗਏ ਨਾਮ-ਸਿਮਰਨ ਦਾ ਪਾਠ ਕਰਕੇ ਇਸ ਜਾਮੇ ਨੂੰ ਸਫ਼ਲ ਬਣਾਉਂਦੇ ਹੋਏ 84 ਦੇ ਗੇੜ 'ਚੋਂ ਹਮੇਸ਼ਾ ਲਈ ਛੁਟਕਾਰਾ ਪਾ ਸਕੀਏ, ਪਰ ਇਨਸਾਨ ਤਾਂ ਮਾੜੇ ਕਰਮ ਕਰਦਾ ਹੋਇਆ ਦੁਨੀਆਂ ਦੇ ਮੋਹ ਜਾਲ ਵਿੱਚ ਫਸਿਆ ਹੋਇਆ ਹੈ ਜਦਕਿ ਇਸ ਮੋਹ ਮਾਇਆ ਨੇ ਸਾਡੇ ਨਾਲ ਨਹੀਂ ਜਾਣਾ ਹੈ ਇਸ ਲਈ ਅਜੇ ਵੀ ਸਮਾਂ ਰਹਿੰਦੇ ਪ੍ਰਭੂ ਸਿਮਰਨ ਨਾਲ ਜੁੜ ਜਾਣਾ ਚਾਹੀਦਾ ਹੈ ਤਾਂ ਜੋ ਦੁਨੀਆ ਵਿਚ ਭਟਕ ਰਹੀ ਰੂਹ ਆਪਣੇ ਅਸਲੀ ਧਾਮ ਪਹੁੰਚ ਸਕੇ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਿਰ ਪਾਕ ਸੱਚੀ ਦਰਗਾਹ ਅਹਿਆਪੁਰ ਵਿਖੇ ਸਜਾਏ ਗਏ ਦਰਬਾਰ 'ਚ ਬੈਠੀ ਸੰਗਤ ਨੂੰ ਆਪਣੇ ਪ੍ਰਵਚਨਾਂ ਰਾਹੀਂ ਨਿਹਾਲ ਕਰਦੇ ਹੋਏ ਦਰਗਾਹ ਦੇ ਗੱਦੀ ਨਸ਼ੀਨ ਬਾਬਾ ਸ਼ੇਰ ਸਿੰਘ ਘੋੜੀਆਂ ਵਾਲਿਆਂ ਨੇ ਕਿਹਾ ਕਿ ਸਤਿਗੁਰ ਦੀ ਸ਼ਰਣ 'ਚ ਲੱਗ ਕੇ ਉਨ੍ਹਾਂ ਵੱਲੋਂ ਬਖ਼ਸ਼ੇ ਗਏ ਨਾਮ-ਸਿਮਰਨ ਨਾਲ ਜੁੜਨ ਲਈ ਸਭ ਤੋਂ ਪਹਿਲਾਂ ਸਾਨੂੰ ਮੈਂ, ਮੇਰੀ ਦੇ ਅਹਿੰਕਾਰ ਦਾ ਤਿਆਗ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਇਹ ਸ਼ਰੀਰ ਤਾਂ ਨਾਸ਼ਵਾਨ ਹੈ ਇਸ ਦੀ ਆਖ਼ਰੀ ਮੰਜ਼ਿਲ ਤਾਂ ਸਿਰਫ ਸ਼ਮਸ਼ਾਨਘਾਟ ਤੱਕ ਹੀ ਸੀਮਤ ਹੈ ਇਸ ਤੋਂ ਅੱਗੇ ਤਾਂ ਰੂਹ ਹੀ ਜਾ ਸਕਦੀ ਹੈ ਇਸ ਲਈ ਇਸ ਰੂਹ ਨੂੰ ਉਸਦੇ ਅਸਲੀ ਧਾਮ ਤੱਕ ਪਹੁੰਚਾਣ ਲਈ ਸਾਨੂੰ ਨਾਮ ਸਿਮਰਨ ਦਾ ਖਜ਼ਾਨਾ ਇਕੱਠਾ ਕਰਨਾ ਪਵੇਗਾ ਤਾਂ ਜੋ ਉਸਦੇ ਸਹਾਰੇ ਇਹ ਰੂਹ ਪ੍ਰਭੂ ਚਰਨਾਂ ਨਾਲ ਜੁੜ ਸਕੇ।

ਇਸ ਮੌਕੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ. ਮੀਰਾ ਹਸਨ, ਦੇਵਿਕਾ, ਬਲਜੀਤ ਸਿੰਘ, ਅਜੀਤ ਸਿੰਘ, ਮਲਕੀਤ ਸਿੰਘ, ਹਰਜਿੰਦਰ ਕੁਮਾਰ, ਦੀਪਕ ਕੁਮਾਰ, ਗਗਨ, ਮਨੋਜ ਸੈਣੀ ਅਤੇ ਹੋਰ ਸੰਗਤ ਨੇ ਦਰਬਾਰ ਵਿੱਚ ਆਪਣੀ ਹਾਜ਼ਰੀ ਲਗਵਾ ਕੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

# ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ 22 ਨੂੰ

ਫਗਵਾੜਾ (ਡਾ. ਰਮਨ )ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੀ ਮਾਸਿਕ ਮੀਟਿੰਗ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਟਾਊਨ ਹਾਲ ਫਗਵਾੜਾ ਦੇ ਪਾਰਕ ਵਿੱਚ ਕੀਤੀ ਗਈ।ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਦੱਸਿਆ ਕਿ ਜਿਨ੍ਹਾਂ ਮੈਂਬਰਾਂ ਦਾ ਸਤੰਬਰ ਮਹੀਨੇ ਵਿੱਚ ਜਨਮ ਦਿਨ ਹੈ, ਉਹਨਾਂ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ ਅਤੇ ਕਾਮਨਾ ਕੀਤੀ ਕਿ ਉਹਨਾਂ ਦੀ ਜ਼ਿੰਦਗੀ ਤੰਦਰੁਸਤੀ ਅਤੇ ਖੁਸ਼ੀਆਂ ਭਰਪੂਰ ਲੰਬੀ ਉਮਰ ਵਾਲੀ ਹੋਵੇ। ਮੀਟਿੰਗ ਵਿੱਚ ਸ਼੍ਰੀਮਤੀ ਜਸਪਾਲ ਕੌਰ ਘੁੰਮਣ ਵਲੋਂ ਆਪਣੇ 81ਵੇਂ ਜਨਮ ਦਿਨ ਮੌਕੇ ਤੇ 1000 ਰੁਪਏ ਅਤੇ ਹਰਭਜਨ ਲਾਲ ਕੌਲ ਵੱਲੋਂ ਆਪਣੇ 77ਵੇਂ ਜਨਮ ਦਿਨ ਮੌਕੇ ਤੇ 1100 ਰੁਪਏ, ਸ਼੍ਰੀਮਤੀ ਹਰਕੰਵਲ ਵਲੋਂ ਆਪਣੇ ਬੱਚਿਆਂ ਕੋਲ ਅਮਰੀਕਾ 'ਚ ਜਾਣ ਦੀ ਸੁਭਾਗੀ ਖ਼ੁਸ਼ੀ ਮੌਕੇ 'ਤੇ 1000 ਰੁਪਏ ਅਤੇ ਦੋ ਸਾਲ ਦਾ ਸੰਘਰਸ਼ ਫੰਡ 1000 ਰੁਪਏ ਐਡਵਾਂਸ ਦੇਣ 'ਤੇ, ਸਹਾਇਤਾ ਕਰਨ ਵਾਲੇ ਮੈਂਬਰਾਂ ਦਾ ਮਤਾ ਪਾਸ ਕਰਕੇ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਇੱਕ ਵੱਖਰਾ ਮਤਾ ਪਾਸ ਕਰਕੇ ਪੰਜਾਬ ਸਰਕਾਰ ਵਲੋਂ ਪੈਟਰੋਲ, ਡੀਜ਼ਲ ਦੇ ਰੇਟਾਂ ਅਤੇ ਬੱਸ ਕਿਰਾਇਆ ਵਿੱਚ ਕੀਤੇ ਗਏ ਵਾਧੇ ਦੀ ਜ਼ੋਰਦਾਰ ਨਿਖੇਧੀ ਕਰਦੇ ਹੋਏ ਵਧਾਏ ਰੇਟ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ।ਮੁੱਖ ਮੰਤਰੀ ਪੰਜਾਬ ਦੇ ਨਾਂ ਤੇ 22 ਅਕਤੂਬਰ ਦੀ ਸੂਬਾਈ ਰੈਲੀ ਦਾ ਨੋਟਿਸ ਭੇਜਣ ਦੇ ਐਕਸ਼ਨ ਵਿੱਚ ਸ਼ਾਮਲ ਹੋਏ ਸਮੂਹ ਮੈਂਬਰਾਂ ਦਾ ਧੰਨਵਾਦ ਵੀ ਕੀਤਾ ਗਿਆ। 22 ਅਕਤੂਬਰ ਦੀ ਸੂਬਾਈ ਰੈਲੀ ਵਿੱਚ ਸ਼ਾਮਲ ਹੋਣ ਲਈ ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਗਈ।

# ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਦੇ ਨਾਂਅ 22 ਦੀ ਸੂਬਾਈ ਰੈਲੀ ਦਾ ਨੋਟਿਸ ਭੇਜਿਆ



ਜਲੰਧਰ ( ਰਾਜੇਸ਼ ਥਾਪਾ) ਪੰਜਾਬ ਗੌਰਮਿੰਟ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਕੀਤੇ ਸੰਘਰਸ਼ ਦੇ ਐਲਾਨ ਮੁਤਾਬਿਕ ਜਲੰਧਰ ਜ਼ਿਲ੍ਹੇ ਦੇ ਪੈਨਸ਼ਨਰਾਂ ਨੇ ਡੀ ਸੀ ਦਫ਼ਤਰ ਜਲੰਧਰ ਦੇ ਸਾਹਮਣੇ ਪੁੱਡਾ ਗਰਾਊਂਡ ਵਿੱਚ ਆਪਣੀਆਂ ਮੰਗਾਂ ਦੇ ਸੰਬੰਧ ਵਿੱਚ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੀ ਪੈਨਸ਼ਨਰਜ਼ ਐਸੋਸੀਏਸ਼ਨ ਦੇ ਜਲੰਧਰ ਸਰਕਲ ਦੇ ਪ੍ਰਧਾਨ ਰਾਮ ਜੱਗੀ ਅਤੇ ਪੰਜਾਬ ਪੈਨਸ਼ਨਰ ਕਨਫੈਡਰੇਸ਼ਨ ਦੇ ਜਲੰਧਰ ਸਰਕਲ ਦੇ ਪ੍ਰਧਾਨ ਪਿਆਰਾ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਿਰੁੱਧ ਰੋਸ ਰੈਲੀ ਕੀਤੀ।ਰੈਲੀ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਲੀਡਰ ਸਰਕਾਰ ਬਣਨ ਤੋਂ ਪਹਿਲਾਂ ਕਹਿੰਦੇ ਸੀ ਕਿ ਜੇਕਰ ਸਾਡੀ ਸਰਕਾਰ ਬਣ ਗਈ ਤਾਂ ਮੁਲਾਜ਼ਮਾਂ, ਪੈਨਸ਼ਨਰਾਂ, ਕਿਸਾਨਾਂ ਅਤੇ ਹੋਰ ਲੋਕਾਂ ਨੂੰ ਧਰਨੇ ਨਹੀਂ ਮਾਰਨੇ ਪੈਣਗੇ ਪਰ ਢਾਈ ਸਾਲ ਤੋਂ ਵੱਧ ਸਮਾਂ ਬੀਤ ਗਿਆ ਅਜੇ ਤੱਕ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਤਾਂ ਕੀ ਮੰਨਣੀਆਂ, ਸਰਕਾਰ ਗੱਲ ਸੁਣਨ ਲਈ ਤਿਆਰ ਨਹੀਂ ਹੈ। ਜਿਸ ਕਰਕੇ ਪੈਨਸ਼ਨਰਾਂ ਵਿੱਚ ਬਹੁਤ ਨਿਰਾਸ਼ਤਾ ਅਤੇ ਸਰਕਾਰ ਪ੍ਰਤੀ ਬਹੁਤ ਗੁੱਸਾ ਹੈ। 22 ਸਤੰਬਰ ਨੂੰ ਚੰਡੀਗੜ੍ਹ/ਮੋਹਾਲੀ ਵਿਖੇ ਹਜ਼ਾਰਾਂ ਦੀ ਗਿਣਤੀ 'ਚ ਪੈਨਸ਼ਨਰਾਂ ਵੱਲੋਂ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਵਿਰੁੱਧ ਧਰਨਾ ਦਿੱਤਾ ਜਾਵੇਗਾ ਅਤੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਤੇ ਮੁੱਖ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਆਗੂਆਂ ਨੇ ਡੀ ਸੀ ਦੇ ਅਧਿਕਾਰੀ ਨੂੰ ਦਿੱਤਾ।

# ਸੀ ਐੱਨ ਜੀ ਪਲਾਂਟ ਬੰਦ ਕਰਨ 'ਤੇ ਸਿਹਮਤੀ



ਭੋਗਪੁਰ:-( ਗੁਰਪ੍ਰੀਤ ਕੌਰ ਭੋਗਲ) ਤਾਲਮੇਲ ਕਮੇਟੀ ਭੋਗਪੁਰ ਨੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਤੇ ਐਕਸਪਰਟ ਦੀ 14 ਮੈਂਬਰੀ ਟੀਮ ਨਾਲ਼ ਤਾਲਮੇਲ ਕਮੇਟੀ ਬੈਠਕ ਪੀ ਏ ਜੂ ਡਾ. ਖੇਮ ਸਿੰਘ ਗਿੱਲ ਹਾਲ ਵਿੱਚ ਲੰਬੀ ਬੈਹਸ ਤੋਂ ਬਾਅਦ ਐਕਸਪਰਟ ਅਤੇ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਪ੍ਰੈਸ ਮੱਡ ਤੋਂ ਚੱਲਣ ਵਾਲੇ ਸੀ ਐਨ ਜੀ ਪਲਾਂਟ ਬੰਦ ਕਰਨ ਵਿੱਚ ਸਿਹਮਤੀ ਜਤਾਈ ਹੈ।ਤਾਲਮੇਲ ਕਮੇਟੀ ਦੇ ਮੈਂਬਰ ਤੇ ਐਕਸਪਰਟ ਸਰਕਾਰ ਦੇ ਐਕਸਪਰਟਾ ਨਾਲ਼ ਇਸ ਫ਼ੈਸਲੇ 'ਤੇ ਪਹੁੰਚੇ ਕਿ ਪ੍ਰੈਸ ਮੱਡ ਬਹੁਤ ਹੀ ਖ਼ਤਰ ਘਾਤਕ ਐਨ ਵਾਇਰ ਮਿਨਟ ਲਈ ਪੈਡੀ ਵੇਸਟ ਪਲਾਂਟ ਨਾਲ਼ ਹੋਣ ਵਾਲੀਆਂ ਬਿਮਾਰੀਆਂ 'ਤੇ ਬੈਹਸ ਜ਼ਾਰੀ ਹੈ।ਅਗਲੀ ਮੀਟਿੰਗ ਤੱਕ ਇਸ ਮੌਕੇ ਡੀ ਸੀ ਲੁਧਿਆਣਾ ਆਈ ਜੀ ਗੁਰਪ੍ਰੀਤ ਸਿੰਘ ਭੁੱਲਰ ਤੇ ਸਾਰੇ ਸਬੰਧਿਤ ਉਚ ਅਧਿਕਾਰੀ ਪ੍ਰਧਾਨ ਰਾਜ ਕੁਮਾਰ ਰਾਜਾਂ, ਸਰਪੰਚ ਚਰਨਜੀਤ ਸਿੰਘ ਡੱਲਾ, ਪ੍ਰਧਾਨ ਗੁਰਦੀਪ ਸਿੰਘ ਚੱਕ ਝੰਡੂ, ਐਮ. ਸੀ. ਰਕੇਸ਼ ਬੱਗਾ ਬੀ. ਐਸ. ਪੀ. ਲਵਦੀਪ ਸਿੰਘ ਸਾਬਕਾ ਸਰਪੰਚ ਮੋਗਾ, ਮਨਪ੍ਰੀਤ ਸਿੰਘ ਬਾਠ ਪ੍ਰਧਾਨ, ਹਰਸੁਲਿੰਦਰ ਸਿੰਘ ਅਤੇ ਸਮੂਹ ਤਾਲਮੇਲ ਕਮੇਟੀ ਘੁਗਰਾਲੀ ਰਾਜਪੂਤਾਂ, ਮੁਸਕਾਬਾਦ, ਅਖ਼ਾੜਾ, ਭੌਂਦੜੀ, ਦੇ ਸਾਰੇ ਮੈਂਬਰ ਮੌਜੂਦ ਸਨ।

# ਜੈ ਕ੍ਰਿਸ਼ਨ ਸਿੰਘ ਰੋੜੀ ਦੇ ਦਫ਼ਤਰ ਲੱਗਾ ਰੋਜ਼ਗਾਰ ਮੇਲਾ



ਮਾਹਿਲਪੁਰ (ਸ.ਫ਼ਰੀ)-ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਦੇ ਦਫ਼ਤਰ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਦੇ ਸਹਿਯੋਗ ਨਾਲ ਵਿਸ਼ਾਲ ਰੋਜ਼ਗਾਰ ਮੇਲਾ ਲਗਾਇਆ ਗਿਆ ਜਿਸ ਵਿੱਚ ਹਲਕੇ ਦੇ ਵੱਖ-ਵੱਖ ਪਿੰਡਾਂ ਨਾਲ ਸਬੰਧਿਤ ਮੁੰਡੇ ਕੁੜੀਆ ਨੇ ਇਸ ਰੋਜ਼ਗਾਰ ਮੇਲੇ ਦਾ ਲਾਭ ਲਿਆ ।ਇਸ ਮੌਕੇ ਇਕੱਤਰ ਨੌਜਵਾਨਾ ਨੂੰ ਸੰਬੋਧਨ ਕਰਦਿਆ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆ ਕੋਸ਼ਿਸ਼ਾਂ ਸਦਕਾ ਸੂਬੇ ਦੇ 45000 ਤੋ ਵੱਧ ਨੌਜਵਾਨ ਮੁੰਡੇ ਕੁੜੀਆ ਨੂੰ ਸਰਕਾਰੀ ਨੌਕਰੀ ਮੁਹਾਈਆਂ ਕਰਵਾਈ ਗਈ ਹੈ। ਇਸੇ ਲੜੀ ਤਹਿਤ ਹਲਕੇ ਦੇ ਬੇਰੁਜਗਾਰਾਂ ਲਈ ਲਗਾਇਆ ਮੇਲਾ ਵਰਦਾਨ ਸਾਬਿਤ ਹੋਵੇਗਾ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸੰਜੀਵ ਕੁਮਾਰ ਨੇ ਦੱਸਿਆ ਕਿ ਇਸ ਰੋਜ਼ਗਾਰ ਮੇਲੇ ਦੌਰਾਨ ਜਿੱਥੇ ਵੱਖ-ਵੱਖ ਕੰਪਨੀਆ ਵੱਲੋਂ ਨੌਜਵਾਨਾ ਨੂੰ ਮੌਕੇ 'ਤੇ ਨਿਯੁਕਤੀ ਪੱਤਰ ਦਿੱਤੇ ਗਏ ਉੱਥੇ ਨੌਜਵਾਨਾ ਨੂੰ ਸਵੈ ਨਿਰਭਰ ਬਣਾਉਣ ਲਈ ਸਵੈ ਰੁਜ਼ਗਾਰ ਖੋਲਣ ਲਈ ਵੱਖ-ਵੱਖ ਸਕੀਮਾ ਸੰਬੰਧੀ ਜਾਣਕਾਰੀ ਦਿੱਤੀ।

ਇਸ ਮੌਕੇ ਚਰਨਜੀਤ ਸਿੰਘ ਚੰਨੀ, ਸ਼ਹਿਬਾਜ਼ ਸਿੰਘ ਗੜ੍ਹਸ਼ੰਕਰ, ਹਰਜਿੰਦਰ ਧੰਜਲ, ਜੁਝਾਰ ਸਿੰਘ ਨਾਗਰਾ, ਬਲਦੀਪ ਸਿੰਘ ਸਰਪੰਚ, ਗੁਰਭਾਗ ਸਿੰਘ, ਪ੍ਰਿੰਸ ਚੌਧਰੀ, ਧਰਮਪ੍ਰੀਤ ਸਿੰਘ ਤੋਂ ਇਲਾਵਾ ਹਲਕੇ ਦੇ ਲੋਕ ਹਾਜ਼ਰ ਸਨ।

# ਨੌਜਵਾਨ ਭਾਜਪਾ ਨਾਲ ਜੁੜ ਕੇ ਦੇਸ਼ ਦੀ ਤਰੱਕੀ 'ਚ ਯੋਗਦਾਨ ਪਾਉਣ : ਖੋਜੇਵਾਲ



ਭੁਲੱਥ, (ਮਨਪ੍ਰੀਤ ਸਿੰਘ)- ਮੰਗਲਵਾਰ ਨੂੰ ਹਲਕਾ ਭੁਲੱਥ ਦੇ ਭਾਜਪਾ ਆਗੂਆਂ ਦੇ ਇੱਕ ਵਿਸ਼ੇਸ਼ ਮੀਟਿੰਗ ਭਾਜਪਾ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ ਦੀ ਅਗਵਾਈ ਹੇਠ ਹੋਈ। ਇਸ ਮੌਕੇ ਖੋਜੇਵਾਲ ਨੇ ਅਹੁਦੇਦਾਰਾਂ ਨੂੰ ਆਦੇਸ਼ ਦਿੰਦੇ ਹੋਏ ਕਿਹਾ ਕਿ ਸਾਰੇ ਮਿਲ ਕੇ ਵੱਧ ਤੋਂ ਵੱਧ ਲੋਕਾਂ ਨੂੰ ਭਾਜਪਾ ਨਾਲ ਜੋੜਨ ਲਈ ਕੰਮ ਕਰਨ। ਉਨ੍ਹਾਂ ਨੇ ਨੌਜਵਾਨਾਂ ਨੂੰ ਭਾਜਪਾ ਨਾਲ ਜੁੜ ਕੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਸ਼ੁਰੂ ਕੀਤੀ ਗਈ ਮੈਂਬਰਸ਼ਿਪ ਮੁਹਿੰਮ ਦਾ ਮਕਸਦ ਕੋਈ ਮੈਂਬਰਸ਼ਿਪ ਨੂੰ ਰੀਨਿਊ ਕਰਨਾ ਜਾਂ ਗਿਣਤੀ ਵਧਾਉਣਾ ਨਹੀਂ ਹੈ, ਸਗੋਂ ਦੇਸ਼ ਦੀ ਤਰੱਕੀ ਲਈ ਸਮਰਪਤ ਭਾਵਨਾ ਨਾਲ ਕੰਮ ਕਰਨਾ ਹੈ ਤੇ ਸਾਡੇ ਸਾਰਿਆਂ ਲਈ ਦੇਸ਼ ਸਭ ਤੋਂ ਪਹਿਲਾਂ ਹੈ। ਇਸ ਲਈ ਦੇਸ਼ ਦੀ ਤਰੱਕੀ ਤੇ ਮਜ਼ਬੂਤੀ ਲਈ ਸਾਰੇ ਦੇਸ਼ ਵਾਸੀਆਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ।ਖੋਜੇਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਜਨਮ ਦਿਨ ਨੂੰ ਲੋਕਾਂ ਦੀ ਸੇਵਾ ਲਈ ਸਮਰਪਤ ਕੀਤਾ ਹੈ ਅਤੇ ਇਸ ਦੇ ਤਹਿਤ ਪੂਰੇ ਦੇਸ਼ ਵਿਚ ਸੇਵਾ ਦੇ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ। ਉਨ੍ਹਾਂ ਪ੍ਰਤੀ ਸਮਾਜ ਦੇ ਸਮੁੱਚੇ ਵਰਗਾਂ ਵਿਚ ਵਿਆਪਕ ਜਨ-ਸਮਰਥਨ ਹੈ। ਉਨ੍ਹਾਂ ਕਿਹਾ ਕਿ ਇਸ ਪਖਵਾੜੇ ਵਿਚ ਭਾਜਪਾ ਵਰਕਰਾਂ ਵਲੋਂ ਸੇਵਾ ਦੇ ਵੱਖ-ਵੱਖ ਕੰਮ ਕੀਤੇ ਜਾਣਗੇ। ਇਸ ਮੌਕੇ ਹਲਕਾ ਭੁਲੱਥ ਦੇ ਕਨਵੀਨਰ ਰਮੇਸ਼ ਚੰਦਰ ਮੰਡਲ ਪ੍ਰਧਾਨ ਭੁਲੱਥ ਹੀਰਕ ਜੋਸ਼ੀ, ਸੁਭਾਸ਼ ਚੰਦਰ ਦੱਤਾ, ਮੰਡਲ ਪ੍ਰਧਾਨ ਦੋਨਾ ਸਰਬਜੀਤ ਸਿੰਘ ਦਿਉਲ, ਧਰਮਪਾਲ ਸ਼ਾਰਦਾ, ਹਰਵਿੰਦਰ ਸਿੰਘ, ਸਤਨਾਮ ਸਿੰਘ, ਅਨਿਲ ਦੱਤਾ, ਮੋਹਨ ਲਾਲ, ਰਮਨਦੀਪ ਸਿੰਘ, ਰੋਸ਼ਨ ਲਾਲ, ਦਵਿੰਦਰ ਵਰਮਾ, ਕੁਸ਼ਲ ਸ਼ਰਮਾ, ਚਰਨਜੀਤ ਚੋਪੜਾ, ਪਰਮਜੀਤ ਸਿੰਘ, ਸ਼ੈਲੀ ਸੇਠੀ, ਰਾਜਿੰਦਰ ਕੁਮਾਰ, ਬਲਵੀਰ ਸਿੰਘ, ਹੀਰਾ ਸਿੰਘ, ਪਰਮਜੀਤ, ਮਨੀ ਕੁਮਾਰ,ਵਿਪਿਨ ਕੁਮਾਰ, ਕਾਕਾ ਸ਼ਰਮਾ, ਰਾਜਾ ਰਾਮ, ਗੁਰਮੀਤ ਸਿੰਘ, ਪੁਰਸ਼ੋਤਮ ਲਾਲਪ੍ਰੇਮ ਕੁਮਾਰ, ਕੁਲਦੀਪ ਸ਼ਰਮਾ ਆਦਿ ਬਹੁਤ ਸਾਰੇ ਭਾਜਪਾ ਮੈਂਬਰ ਹਾਜ਼ਰ ਸਨ।

# ਐੱਸ ਡੀ ਕਾਲਜ ਫਾਰ ਵੂਮੈਨ 'ਚ ਪੋਸ਼ਣ ਮਾਹ ਮਨਾਇਆ




ਸੁਲਤਾਨਪੁਰ ਲੋਧੀ (ਹਨੀ) ਐਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਐਨ ਐਸ ਐਸ ਵਿਭਾਗ ਦੇ ਰੈਡ ਰਿਬਨ ਕਲੱਬ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ 'ਚ ਵੱਖ-ਵੱਖ ਗਤੀਵਿਧੀਆਂ ਕਰਵਾ ਕੇ ਪੋਸ਼ਣ ਮਾਹ ਮਨਾਇਆ ਗਿਆ।

ਇਸ ਦੌਰਾਨ ਸੰਤੁਲਿਤ ਆਹਾਰ 'ਤੇ ਲੈਕਚਰ ਕਰਵਾਇਆ ਗਿਆ।ਜਿਸ 'ਚ ਮੈਡਮ ਮਨਦੀਪ ਕੌਰ ਨੇ ਸੰਤੁਲਿਤ ਆਹਾਰ ਬਾਰੇ ਵਿਦਿਆਰਥਣਾਂ ਨੂੰ ਜਾਗਰੂਕ ਕੀਤਾ।ਇਸੇ ਲੜੀ ਤਹਿਤ ਪੋਸਟਰ ਮੇਕਿੰਗ ਤੇ ਸਲੋਗਨ ਰਾਈਟਿੰਗ ਮੁਕਾਬਲੇ ਵੀ ਕਰਵਾਏ ਗਏ, ਜਿਸ 'ਚ ਕਾਮਰਸ ਵਿਭਾਗ ਸੈਕੰਡ ਏਅਰ ਦੀ ਹਿਨਾ ਨੇ ਪਹਿਲੇ ਸਥਾਨ 'ਤੇ ਕਬਜ਼ਾ ਕੀਤਾ।ਜਸਮੀਨ ਕੌਰ ਬੀ ਏ ਪਹਿਲਾ, ਜਸਮੀਨ ਕੌਰ ਦੂਜੇ ਅਤੇ ਬੀ ਏ ਤੀਜਾ ਦੀ ਹਰਪ੍ਰੀਤ ਕੌਰ ਤੀਸਰੇ ਸਥਾਨ 'ਤੇ ਰਹੀ।ਸਮਾਗਮ ਦੇ ਅੰਤ 'ਚ ਜੇਤੂ ਰਹੀਆਂ ਵਿਦਿਆਰਥਣਾਂ ਨੂੰ ਸਨਮਾਨਤ ਕੀਤਾ ਗਿਆ। ਪੋਸ਼ਣ ਮਾਹ ਮਨਾਉਂਦਿਆਂ ਸੰਤੁਲਿਤ ਆਹਾਰ ਸੰਬੰਧੀ ਰੈਲੀ ਦਾ ਆਯੋਜਨ ਵੀ ਕੀਤਾ ਗਿਆ, ਜਿਸ 'ਚ ਵਿਦਿਆਰਥਣਾਂ ਵੱਲੋਂ ਪੋਸਟਰ ਅਤੇ ਸਲੋਗਨ ਰਾਹੀਂ ਸੰਤੁਲਿਤ ਆਹਾਰ ਦਾ ਵਧ ਤੋਂ ਵੱਧ ਸੇਵਨ ਕਰਨ ਦਾ ਸੁਨੇਹਾ ਦਿੱਤਾ ਗਿਆ।ਇਸ ਮੌਕੇ ਮੈਡਮ ਰਜਨੀ ਬਾਲਾ, ਰਾਜਬੀਰ ਕੌਰ, ਕਸ਼ਮੀਰ ਕੌਰ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਖੇਤ ਮਜ਼ਦੂਰ ਫਰੰਟ 'ਤੇ ਕੰਮ ਕਰਦੇ ਆਗੂਆਂ ਦੀ ਮੀਟਿੰਗ 24 ਨੂੰ

ਬੰਗਾ (ਅਵਤਾਰ ਕਲੇਰ)- ਸੀ ਪੀ ਆਈ (ਐਮ) ਦੇ ਸੂਬਾ ਸਕੱਤਰੇਤ ਮੈਂਬਰ ਸਾਥੀ ਭੂਪ ਚੰਦ ਚੰਨੋਂ ਤੇ ਰਾਮ ਸਿੰਘ ਨੂਰਪੁਰੀ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਖੇਤ ਮਜ਼ਦੂਰ ਫਰੰਟ 'ਤੇ ਕੰਮ ਕਰਦੇ ਆਗੂਆਂ ਦੀ ਮੀਟਿੰਗ 24 ਸਤੰਬਰ ਨੂੰ ਜਲੰਧਰ ਦਫਤਰ 11 ਵਜੇ ਹੋਵੇਗੀ।ਇਸ ਫਰੰਟ 'ਤੇ ਪਾਰਟੀ ਵਲੋਂ ਨਵੇਂ ਕਾਰਜ ਤੇ ਸੇਧਾਂ ਦੇਣ ਲਈ ਦਿਸ਼ਾ ਪ੍ਰਦਾਨ ਕੀਤੀ ਜਾਵੇਗੀ।ਇਸ ਮੀਟਿੰਗ ਨੂੰ ਸੀ ਪੀ ਆਈ ਐਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਸੰਬੋਧਨ ਕਰਨਗੇ ਅਤੇ ਅੱਜ ਦੀ ਰਾਜਨੀਤਕ ਹਾਲਤ 'ਤੇ ਵੀ ਚਾਨਣਾ ਪਾਉਣਗੇ। ਸਾਥੀ ਚੰਨੋਂ ਤੇ ਨੂਰਪੁਰੀ ਨੇ ਸੰਬੰਧਤ ਸਾਥੀਆਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਹੈ।

# ਭਗਵਾਨ ਵਾਲਮੀਕੀ ਨੌਜਵਾਨ ਸਭਾ ਦੀ ਚੋਣ ਸਰਬ-ਸੰਮਤੀ ਨਾਲ ਹੋਈ



ਫਿਲੌਰ (ਨਿਰਮਲ)- ਭਗਵਾਨ ਵਾਲਮੀਕੀ ਨੌਜਵਾਨ ਸਭਾ ਮੁਹੱਲਾ ਰਿਸ਼ੀ ਨਗਰ ਗੇਟ ਫਿਲੌਰ ਦੇ ਅਹੁਦੇਦਾਰਾਂ ਦੀ ਚੋਣ ਸਰਬ ਸੰਮਤੀ ਨਾਲ ਸੁਰਿੰਦਰ ਦਰਾਵੜ ਸਾਬਕਾ ਕੌਂਸਲਰ ਦੀ ਦੇਖ-ਰੇਖ ਵਿੱਚ ਹੋਈ। ਪ੍ਰਧਾਨ ਅਰੁਨ ਕੁਮਾਰ ਮੱਟੂ, ਮੀਤ ਪ੍ਰਧਾਨ ਲਵ ਕਲਿਆਨਾ, ਸੈਕਟਰੀ ਸਮੀਤ ਮੱਟੂ, ਖਜ਼ਾਨਚੀ ਚੇਤਨ ਮੱਟੂ, ਸਨੀ ਸੋਂਧੀ ਮੈਂਬਰਾਨ ਕਮੇਟੀ ਸਰਬ ਲਾਡੀ ਸਹੋਤਾ, ਰਿੰਕੂ ਮੱਟੂ, ਸੌਰਵ ਭੱਟੀ, ਜੈਮਨ ਡੀਮਾਨਾ, ਸੈਕੁਸ ਹੰਸ, ਗੌਰਵ ਕਲਿਆਨਾ, ਅਨੀਸ਼ ਮੱਟੂ, ਰਾਹੁਲ ਮੱਟੂ, ਅਨਸੂ ਮੱਟੂ, ਵਿਮਲ ਸਹੋਤਾ ਅਹੁਦੇਦਾਰ ਚੁਣੇ ਗਏ।

